jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road - See Kamal 905-458-4733
80 West Drive - See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



25 Picasso Dr

## House for sale in Castlemore

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative



Dhanwant Gosal
Broker

Dir: 416-562-1176
www.jagrajsekhon.com

Century 21
People's Choice Realty Inc, Brokerage

Dir: 416-277-4153
www.gosalhomes.com

TOTAL HOME Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

## WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

**Minimum 1 year experience & Trained mechanic**

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)




chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਫਿਊਲ ਦੀਆਂ ਤੇਜ਼ੀ ਨਾਲ ਵੱਧ ਰਹੀਆਂ ਕੀਮਤਾਂ ਤੋਂ ਬਹੁਗਿਣਤੀ ਕੈਨੇਡੀਅਨ ਪਰੇਸ਼ਾਨ : ਨੈਨੋਜ਼ ਸਰਵੇਖਣ

ਓਟਵਾ, 12 ਮਈ (ਪੋਸਟ ਬਿਊਰੋ) : ਨੈਨੋਜ਼ ਵੱਲੋਂ ਕਰਵਾਏ ਗਏ ਇੱਕ ਨਵੇਂ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਲੈ ਕੇ ਚਿੰਤਤ ਹਨ ਜਾਂ ਕਿਸੇ ਹੱਦ ਤੱਕ ਚਿੰਤਤ ਹਨ।

ਸਰਵੇਖਣ ਵਿੱਚ ਪਾਇਆ ਗਿਆ ਕਿ ਫਿਊਲ ਦੀਆਂ ਤੇਜ਼ੀ ਨਾਲ ਵੱਧ ਰਹੀਆਂ ਕੀਮਤਾਂ ਨੂੰ ਲੈ ਕੇ 38 ਫੀ ਸਦੀ ਕੈਨੇਡੀਅਨਜ਼ ਚਿੰਤਤ ਹਨ ਜਦਕਿ 32 ਫੀ ਸਦੀ ਕੈਨੇਡੀਅਨ ਇਸ ਮਾਮਲੇ ਵਿੱਚ ਥੋੜ੍ਹੇ ਬਹੁਤ ਚਿੰਤਤ ਹਨ। 30 ਫੀ ਸਦੀ ਦਾ ਕਹਿਣਾ ਹੈ ਕਿ ਉਹ ਥੋੜ੍ਹਾ ਬਹੁਤ ਚਿੰਤਤ ਨਹੀਂ ਹਨ ਤੇ ਜਾਂ ਫਿਰ ਬਿਲਕੁਲ ਵੀ ਚਿੰਤਤ ਨਹੀਂ ਹਨ। ਇੱਕ ਫੀ ਸਦੀ ਦਾ ਕਹਿਣਾ ਹੈ ਕਿ ਇਸ ਬਾਰੇ ਉਨ੍ਹਾਂ ਦੀ ਕੋਈ ਵੀ ਪੱਕੀ ਰਾਇ ਨਹੀਂ ਹੈ।

ਦਸ ਵਿੱਚੋਂ ਛੇ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਇਸ ਵਾਧੇ ਦੇ ਚੱਲਦਿਆਂ ਉਹ ਵਧੇਰੇ ਫਿਊਲ ਐਫੀਸ਼ਿਐਂਟ ਗੱਡੀਆਂ ਖਰੀਦਣ ਦਾ ਮਨ ਬਣਾ ਰਹੇ ਹਨ। ਇੱਕ ਤਿਹਾਈ ਕੈਨੇਡੀਅਨਾਂ ਜਾਂ 35 ਫੀ ਸਦੀ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਹ ਸ਼ਾਇਦ ਹੀ ਫਿਊਲ ਐਫੀਸ਼ਿਐਂਟ ਗੱਡੀਆਂ ਖਰੀਦਣਗੇ। ਸਰਵੇਖਣ ਵਿੱਚ ਪਾਇਆ ਗਿਆ ਕਿ ਇਸ ਮੁੱਦੇ ਨੂੰ ਲੈ ਕੇ ਕੈਨੇਡੀਅਨਜ਼ ਵੰਡੇ ਹੋਏ ਹਨ ਜਾਂ ਫਿਰ ਉਨ੍ਹਾਂ ਨੂੰ ਲੱਗਦਾ ਹੈ ਕਿ ਫਿਊਲ ਦੀਆਂ ਤੇਜ਼ੀ ਨਾਲ ਵੱਧ ਰਹੀਆਂ ਕੀਮਤਾਂ ਕਾਰਨ ਗਰਮੀਆਂ ਦੌਰਾਨ ਕੈਨੇਡੀਅਨਾਂ ਵੱਲੋਂ ਘੱਟ ਡਰਾਈਵ ਕਰਨ ਦਾ ਫੈਸਲਾ ਕੀਤਾ ਜਾਵੇਗਾ।

38 ਫੀ ਸਦੀ ਦਾ ਕਹਿਣਾ ਹੈ ਕਿ ਕੈਨੇਡੀਅਨ ਘੱਟ ਡਰਾਈਵ ਕਰ ਸਕਦੇ ਹਨ ਤੇ 11 ਫੀ ਸਦੀ ਨੇ ਆਖਿਆ ਕਿ ਉਹ ਅਜਿਹਾ ਕਰਨਗੇ। 28 ਫੀ ਸਦੀ ਕੈਨੇਡੀਅਨਜ਼ ਨੇ



ਘੱਟ ਡਰਾਈਵ ਨਾ ਕਰਨ ਲਈ ਆਖਿਆ ਤੇ 22 ਫੀ ਸਦੀ ਨੇ ਆਖਿਆ ਕਿ ਉਹ ਪਹਿਲਾਂ ਵਾਂਗ ਹੀ ਗਰਮੀਆਂ ਦੌਰਾਨ ਵੀ ਡਰਾਈਵ ਕਰਨਗੇ। ਬ੍ਰਿਟਿਸ਼ ਕੋਲੰਬੀਆ ਜਿੱਥੇ ਪਿਛਲੇ ਮਹੀਨਿਆਂ ਵਿੱਚ ਗੈਸ ਦੀਆਂ ਕੀਮਤਾਂ ਨੇ ਸਾਰੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ ਉੱਥੇ ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 68 ਫੀ ਸਦੀ ਦਾ ਕਹਿਣਾ ਹੈ ਕਿ ਇਸ ਵਾਰੀ ਗਰਮੀਆਂ ਵਿੱਚ ਕੈਨੇਡੀਅਨ ਘੱਟ ਡਰਾਈਵ ਕਰਨਗੇ।

ਮੈਟਰੋ ਵੈਨਕੂਵਰ ਵਿੱਚ ਗੈਸ ਦੀਆਂ ਕੀਮਤਾਂ ਐਤਵਾਰ ਨੂੰ 169.9 ਸੈਂਟ ਦੇ ਨੇੜੇ ਤੇੜੇ ਮੰਡਰਾਉਂਦੀਆਂ ਰਹੀਆਂ। ਪਿਛਲੇ ਹਫਤੇ ਵੱਡੀਆਂ ਕੈਨੇਡੀਅਨ ਮਾਰਕਿਟਸ ਵਿੱਚ ਗੈਸ ਦੀਆਂ ਕੀਮਤਾਂ 1.34 ਪ੍ਰਤੀ ਲੀਟਰ ਦੇ ਨੇੜੇ ਤੇੜੇ ਰਹੀਆਂ। ਸਰਵੇਖਣ ਵਿੱਚ ਸ਼ਾਮਲ ਅੱਧੇ ਤੋਂ ਵੱਧ ਕੈਨੇਡੀਅਨਾਂ (ਭਾਵ 36 ਫੀ ਸਦੀ) ਦਾ ਸੋਚਣਾ ਹੈ ਕਿ ਲੋਕਾਂ ਨੂੰ ਫਿਊਲ ਦੀ ਵਰਤੋਂ ਵਿੱਚ ਕਟੌਤੀ ਕਰਨ ਲਈ ਮਜਬੂਰ ਕਰਨ ਵਾਸਤੇ ਕਾਰਬਨ ਟੈਕਸ ਗੈਰਅਸਰਦਾਰ ਹੈ, 19 ਫੀ ਸਦੀ ਦਾ ਮੰਨਣਾ ਹੈ ਕਿ ਇਹ ਕਿਸੇ ਹੱਦ ਤੱਕ ਗੈਰਅਸਰਦਾਰ ਹੈ। 26 ਫੀ ਸਦੀ ਦਾ ਮੰਨਣਾ ਹੈ ਕਿ ਇਹ ਕਿਸੇ ਹੱਦ ਤੱਕ ਪ੍ਰਭਾਵੀ ਹੈ ਤੇ 16 ਫੀ ਸਦੀ ਦਾ ਆਖਣਾ ਹੈ ਕਿ ਇਹ ਪੂਰੀ ਤਰ੍ਹਾਂ ਅਸਰਦਾਰ ਹੈ। ਜ਼ਿਕਰਯੋਗ ਹੈ ਕਿ ਕਾਰਬਨ ਟੈਕਸ ਪਹਿਲੀ ਅਪਰੈਲ ਤੋਂ ਓਨਟਾਰੀਓ, ਸਸਕੈਚਵਨ, ਮੈਨੀਟੋਬਾ ਤੇ ਨਿਊ ਬਰੰਜ਼ਵਿੱਕ ਵਿੱਚ ਲਾਗੂ ਹੋਇਆ। ਇਹ ਉਹ ਪ੍ਰੋਵਿੰਸਾਂ ਹਨ ਜਿਨ੍ਹਾਂ ਨੇ ਆਪਣੇ ਤੌਰ ਉੱਤੇ ਕਾਰਬਨ ਟੈਕਸ ਨਹੀਂ ਸੀ ਅਪਣਾਇਆ ਜਾਂ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਲਈ ਕੈਪ ਐਂਡ ਟਰੇਡ ਸਿਸਟਮ ਨਹੀਂ ਸੀ ਅਪਣਾਇਆ।

## ਅੱਜ ਨਾਮਾ

ਹਰਿਆ ਬਾਗ ਤੇ ਭਰਿਆ ਪਰਵਾਰ ਹੋਵੇ,
ਬਾਬੇ ਇਹੀਓ ਸਨ ਮੰਗਦੇ ਸੁੱਖ ਮਿੱਤਰ।
ਚੌਧਰ ਵਾਸਤੇ ਐਂਵੇਂ ਨਹੀਂ ਕਰੋ ਝਗੜਾ,
ਬਣਿਆ ਰਹੀਦਾ ਸਿਰਫ ਮਨੁੱਖ ਮਿਤਰ।
ਪਾਲੋ ਟੱਬਰ ਤੇ ਜਦੋਂ ਫਿਰ ਵਿਹਲ ਹੋਵੇ,
ਚੰਗੇ ਲੱਗਣ ਜੀ ਲਾ ਦਿਓ ਰੁੱਖ ਮਿੱਤਰ।
ਰੁੱਖਾਂ ਵਿੱਚੋਂ ਵੀ ਨਿੰਮ ਜਾਂ ਲਾਓ ਪਿੱਪਲ,
ਜਿਹੜੇ ਕੱਟਣ ਮਨੁੱਖਾਂ ਦਾ ਦੁੱਖ ਮਿੱਤਰ।
ਰੱਖੀਏ ਉਨ੍ਹਾਂ ਦਾ ਅਸੀਂ ਧਿਆਨ ਮਿੱਤਰ,
ਪਿੱਛੋਂ ਦਿੱਸ ਪਊ ਰੁੱਖਾਂ ਦੀ ਕਲਾ ਮਿੱਤਰ।
ਸਿਹਰਾ ਵਾਂਗ ਸਰਕਾਰ ਦੇ ਮੰਗਣਾ ਨਹੀਂ,
ਬੋਲਣ ਬਿਨਾਂ ਹੀ ਕਰਨਗੇ ਭਲਾ ਮਿੱਤਰ।

ਤੀਸ ਮਾਰ ਖਾਂ

## ਚਾਈਲਡ ਕੇਅਰ ਫੰਡਾਂ ਵਿੱਚ ਕੀਤੀਆਂ ਕਟੌਤੀਆਂ ਦੇ ਪ੍ਰਭਾਵ ਤੋਂ ਟੋਰੀ ਨੇ ਪੀਸੀ ਐਮਪੀਪੀਜ਼ ਨੂੰ ਕੀਤਾ ਆਗਾਹ

...ਪੰਨਾ 1 ਦਾ ਬਾਕੀ

ਟੋਰੀ ਨੇ ਟੋਰਾਂਟੋ ਹਲਕੇ ਦੇ 11 ਪੀਸੀ ਐਮਪੀਪੀਜ਼ ਨੂੰ ਇਹ ਚਿੱਠੀਆਂ ਭੇਜ ਕੇ ਆਖਿਆ ਕਿ ਉਹ ਸਿੱਖਿਆ ਮੰਤਰੀ ਲੀਜ਼ਾ ਥੌਂਪਸਨ ਉੱਤੇ ਸਿਟੀ ਦੇ ਚਾਈਲਡਕੇਅਰ ਬਜਟ ਸਬੰਧੀ ਫੰਡਾਂ ਵਿੱਚ 84.8 ਮਿਲੀਅਨ ਡਾਲਰ ਦੀ ਕੀਤੀ ਕਟੌਤੀ ਨੂੰ ਵਾਪਿਸ ਲੈਣ ਲਈ ਦਬਾਅ ਪਾਉਣ। ਸਿਟੀ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਇਨ੍ਹਾਂ ਕਟੌਤੀਆਂ ਕਾਰਨ 6,166 ਚਾਈਲਡ ਕੇਅਰ ਸਬਸਿਡੀਜ਼ ਖਤਰੇ ਵਿੱਚ ਪੈ ਸਕਦੀਆਂ ਹਨ। ਇਨ੍ਹਾਂ ਚਿੱਠੀਆਂ ਵਿੱਚ ਟੋਰੀ ਨੇ ਸਾਰੇ ਐਮਪੀਪੀਜ਼ ਨੂੰ ਆਖਿਆ ਹੈ ਕਿ ਪੂਰੀ ਪ੍ਰੋਵਿੰਸ ਨਾਲੋਂ ਟੋਰਾਂਟੋ ਵਿੱਚ ਚਾਈਲਡ ਕੇਅਰ ਕੌਸਟ ਵੱਧ ਹੈ। ਇੱਕ ਨਿੱਕੇ ਬੱਚੇ ਤੇ ਪ੍ਰੀਸਕੂਲ ਦੀ ਉਮਰ ਵਾਲੇ ਬੱਚੇ ਲਈ ਟੋਰਾਂਟੋ ਵਿੱਚ ਚਾਈਲਡ ਕੇਅਰ ਉੱਤੇ ਸਾਲਾਨਾ 35,430 ਡਾਲਰ ਦੀ ਲਾਗਤ ਆਉਂਦੀ ਹੈ। ਉਨ੍ਹਾਂ ਅੱਗੇ ਲਿਖਿਆ ਹੈ ਕਿ ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਬਿਨਾਂ ਸਹਾਇਤਾ ਦੇ ਤੁਹਾਡੇ ਹਲਕੇ ਦੇ ਕਈ ਵਾਸੀ ਇਹ ਖਰਚਾ ਬਰਦਾਸ਼ਤ ਨਹੀਂ ਕਰ ਸਕਦੇ। ਟੋਰਾਂਟੋ ਵੱਲੋਂ ਚਾਈਲਡ ਕੇਅਰ ਫੰਡਾਂ ਵਿੱਚ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਕਟੌਤੀਆਂ ਨਾਲ ਕਈ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਪਰਵਰਿਸ਼ ਦੇ ਮਾਮਲੇ ਵਿੱਚ ਸਮਝੌਤੇ ਕਰਨੇ ਪੈਣਗੇ।


## ਨੌਰਮਨ ਮਾਮਲੇ ਵਿੱਚ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਵਿਰੋਧੀ ਧਿਰ ਵੱਲੋਂ ਐਮਰਜੰਸੀ ਬਹਿਸ ਕਰਵਾਉਣ ਦੀ ਮੰਗ

...ਪੰਨਾ 1 ਦਾ ਬਾਕੀ

ਪੱਤਰ ਵਿੱਚ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਇਸ ਨਾਲ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਹੌਸਲੇ ਉੱਤੇ ਹਾਨੀਕਾਰਕ ਅਸਰ ਪਿਆ।

ਜੇ ਕਮੇਟੀ ਇਸ ਮਾਮਲੇ ਦਾ ਅਧਿਐਨ ਕਰਨ ਦੀ ਮੰਗ ਸਵੀਕਾਰ ਕਰ ਲੈਂਦੀ ਹੈ ਤਾਂ ਫਿਰ ਇੱਕ ਮਤਾ ਲਿਆ ਕੇ ਨੌਰਮਨ, ਟਰੂਡੋ ਤੇ ਦਰਜਨ ਭਰ ਤੋਂ ਵੀ ਵੱਧ ਮੌਜੂਦਾ ਤੇ ਸਾਬਕਾ ਸਰਕਾਰੀ ਅਧਿਕਾਰੀਆਂ, ਜਿਨ੍ਹਾਂ ਵਿੱਚ ਰੱਖਿਆ ਮੰਤਰੀ ਹਰਜੀਤ ਸੱਜਣ, ਨਿਆਂ ਮੰਤਰੀ ਡੇਵਿਡ ਲਮੇਟੀ ਤੇ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਸ਼ਾਮਲ ਹਨ, ਨੂੰ ਕਮੇਟੀ ਵੱਲੋਂ ਕੀਤੀ ਜਾਣ ਵਾਲੀ ਸੁਣਵਾਈ ਦੌਰਾਨ ਗਵਾਹੀ ਦੇਣ ਲਈ ਆਖਿਆ ਜਾਵੇਗਾ। ਇਸ ਪੱਤਰ ਉੱਤੇ ਕੰਜ਼ਰਵੇਟਿਵ ਐਮਪੀਜ਼ ਜੇਮਜ਼ ਬੇਜਨ, ਚੈਰਿਲ ਗੈਲੈਂਟ ਤੇ ਰਿਚਰਡ ਮਾਰਟਲ ਦੇ ਨਾਲ ਨਾਲ ਐਨਡੀਪੀ ਐਮਪੀ ਰੈਂਡਲ ਗੈਰੀਸਨ ਵੱਲੋਂ ਵੀ ਦਸਤਖ਼ਤ ਕੀਤੇ ਗਏ ਹਨ। ਉਨ੍ਹਾਂ ਕਮੇਟੀ ਨੂੰ ਪੰਜ ਦਿਨ ਦੇ ਅੰਦਰ ਅੰਦਰ ਐਮਰਜੰਸੀ ਮੀਟਿੰਗ ਕਰਨ ਦੀ ਬੇਨਤੀ ਕੀਤੀ ਹੈ।

## ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਮਰ ਸਿੰਘ ਫਰਵਾਹਾ ਬੀਤੀ 11 ਮਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹ 1980 ਤੋਂ ਕੈਨੇਡਾ ਵਿਚ ਰਹਿ ਰਹੇ ਸਨ। ਉਨ੍ਹਾਂ ਨੇ ਆਪਣਾ ਜ਼ਿਆਦਾਤਰ ਸਮਾਂ ਵੁਡਬ੍ਰਿਜ ਵਿਖੇ ਬਿਤਾਇਆ। ਉਨ੍ਹਾਂ ਦਾ ਅੰਤਮ ਸੰਸਕਾਰ 15 ਮਈ ਨੂੰ ਦੁਪਹਿਰ 2:15 ਵਜੇ 30 Bramwin court, Brampton, Ontario L6T 5G2 ਵਿਖੇ ਕੀਤਾ ਜਾਵੇਗਾ ਅਤੇ ਨਮਿਤ ਰੱਖੇ ਪਾਠ ਦੇ ਭੋਗ ਤੇ ਅੰਤਮ ਅਰਦਾਸ ਉਸੇ ਦਿਨ ਸਾਮ 5 ਵਜੇ 'Nanaksar Thath Isher Darbar 9954 The Gore Road, Brampton, ON, L6P 0A7 ਵਿਖੇ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮਨਜੀਤ ਫਰਵਾਹਾ ਨਾਲ 416-524-3795, ਮਨਜੀਤ ਬੇਦੀ ਨਾਲ 647-449-7946 ਅਤੇ ਜਗਤਾਰ ਫਰਵਾਹਾ ਨਾਲ 416-434-4842 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਆਈ ਪੀ ਐੱਲ ਕ੍ਰਿਕਟ ਦਾ ਤਾਜ ਮੁੰਬਈ ਟੀਮ ਦੇ ਸਿਰ



ਹੈਦਰਾਬਾਦ, 12 ਮਈ, (ਪੋਸਟ ਬਿਊਰੋ)- ਆਈ ਪੀ ਐੱਲ ਕ੍ਰਿਕਟ ਦਾ ਇਸ ਵਾਰੀ ਦਾ ਤਾਜ ਮੁੰਬਈ ਇੰਡੀਅਨਜ਼ ਦੀ ਟੀਮ ਦੇ ਸਿਰ ਸੱਜਿਆ ਹੈ। ਉਨ੍ਹਾਂ ਨੇ ਫਾਈਨਲ ਵਿੱਚ ਜਬਰਦ-ਸਤ ਗਿਣੀ ਜਾਂਦੀ ਚੇਨਈ ਟੀਮ ਨੂੰ ਹਰਾਇਆ ਹੈ। ਮੁੰਬਈ ਦੀ ਟੀਮ ਨੇ ਚੌਥੀ ਵਾਰੀ ਆਈ ਪੀ ਐੱਲ ਕ੍ਰਿਕਟ ਟੂਰਨਾਮੈਂਟ ਜਿੱਤਿਆ ਹੈ।

ਮੁੰਬਈ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਖੇਡਦਿਆਂ ਨਿਰਧਾਰਤ 20 ਓਵਰਾਂ ਵਿੱਚ ਅੱਠ ਵਿਕਟਾਂ ਦੇ ਨੁਕਸਾਨ ਉੱਤੇ 149 ਦੌੜਾਂ ਬਣਾਈਆਂ। ਉਸ ਦੀ ਸ਼ੁਰੂਆਤ ਤਿੱਖੀਸੀ, ਪਰ ਡੀ ਕਾਕ ਤੇ ਰੋਹਿਤ ਸ਼ਰਮਾ ਦੇ ਆਊਟ ਹੋਣ ਤੋਂ ਬਾਅਦ ਟੀਮ ਸੰਭਲ ਨਹੀਂ ਸਕੀ ਤੇ ਲਗਾਤਾਰ ਵਿਕਟਾਂ ਗਵਾਉਂਦੀ ਰਹੀ। ਉਸ ਦੇ ਖਿਡਾਰੀਆਂ ਡੀ ਕਾਕ ਨੇ 29, ਰੋਹਿਤ ਸ਼ਰਮਾ ਨੇ 15, ਯਾਦਵ ਨੇ 15, ਇਸ਼ਾਨ ਕਿਸ਼ਨ ਨੇ 23, ਕਰੁਣਾਲ ਪਾਂਡਿਆ ਨੇ 07, ਹਾਰਦਿਕ ਪਾਂਡਿਆ ਨੇ 16, ਰਾਹੁਲ ਚਾਹਰ ਨੇ 00,ਮਿਸ਼ੇਲ ਨੇ 00 ਅਤੇ ਫਿਰ ਕੀਰੋਨ ਪੋਲਾਰਡ ਨੇ 25 ਗੇਂਦਾਂ ਵਿੱਚ ਸ਼ਾਨਦਾਰ 41 ਦੌੜਾਂ ਦੀ ਪਾਰੀ ਵਿੱਚ ਤਿੰਨ ਚੌਕੇ ਤੇ ਤਿੰਨ ਛੱਕੇ ਲਾਏ ਸਨ। ਚੇਨਈ ਵੱਲੋਂਗੇਂਦਬਾਜ਼ ਦੀਪਕ ਚਾਹਰ ਨੇ ਚਾਰ ਓਵਰਾਂ ਵਿੱਚ 26 ਦੌੜਾਂ ਦੇ ਤਿੰਨ ਖਿਡਾਰੀਆਂ ਨੂੰ ਆਊਟ ਕੀਤਾ ਅਤੇ ਇਮਰਾਨ ਤਾਹਿਰ ਅਤੇ ਸ਼ਰਦੂਲ ਨੇ ਦੋ-ਦੋ ਖਿਡਾਰੀਆਂ ਨੂੰ ਆਊਟ ਕਰ ਕੇ ਮੈਦਾਨ ਤੋਂ ਬਾਹਰ ਕੱਢਿਆ।

ਦਿੱਤੇ ਗਏ ਟੀਚੇ ਦਾ ਪਿੱਛਾ ਕਰਨ ਚੱਲੀ ਚੇਨਈ ਟੀਮ ਦੀ ਸ਼ੁਰੂਆਤ ਵੀ ਮੁੰਬਈ ਵਾਂਗ ਚੰਗੀ ਰਹੀ, ਪਰ ਫਾਫ ਡੂ ਪਲੇਸਿਸ ਦੇ ਆਊਟ ਹੋਣ ਪਿੱਛੋਂ ਕੋਈ ਖਿਡਾਰੀ ਸ਼ੇਨ ਵਾਟਸਨ ਨਾਲ ਖੜਾ ਨਾ ਰਹਿ ਸਕਿਆ ਤੇ ਟੀਮ ਨੂੰ ਬਹੁਤ ਸੰਘਰਸ਼ਪੂਰਨ ਮੁਕਾਬਲੇ ਵਿੱਚ 1 ਦੌੜ ਨਾਲ ਹਾਰ ਝੱਲਣੀ ਪਈ। ਚੇਨਈ ਟੀਮ ਵੱਲੋਂ ਪਲੇਸਿਸ ਨੇ 26, ਸੁਰੇਸ਼ ਰੈਨਾ 08, ਅੰਬਾਤੀ ਰਾਇਡੂ 01, ਧੋਨੀ 02, ਡਵੇਨ ਬ੍ਰਾਵੋ 15, ਰਵਿੰਦਰ ਜਡੇਜਾ 05, ਸ਼ਰਦੂਲ ਠਾਕੁਰ 02 ਤੇ ਸ਼ੇਨ ਵਾਟਸਨ ਨੇ 80 ਦੌੜਾਂ ਬਣਾਈਆਂ, ਪਰ ਹਾਰ ਗਈ। ਪੂਰੇ ਸੀਜ਼ਨ ਵਿੱਚ ਮੁੰਬਈ ਅਤੇ ਚੇਨਈ ਦੀਆਂ ਟੀਮਾਂ ਦਾ ਪ੍ਰਦਰਸ਼ਨ ਕਾਬਿਲੇ ਤਾਰੀਫ ਸੀ ਤੇ ਮੈਚ ਤੋਂ ਪਹਿਲਾਂ ਵੀ ਮੁੰਬਈ ਟੀਮ ਅੰਕੜਿਆਂ ਦੇ ਹਿਸਾਬ ਨਾਲ ਮਜ਼ਬੂਤ ਜਾਪਦੀ ਸੀ। ਆਖਰੀ 20ਵਾਂ ਓਵਰਮੁੰਬਈ ਦੀ ਜਿੱਤ ਬਣ ਗਿਆ। ਓਦੋਂ ਜਿੱਤ ਲਈ ਚੇਨੱਈ ਨੂੰ 1 ਗੇਂਦ ਉੱਤੇ 2 ਦੌੜਾਂ ਦੀ ਲੋੜ ਸੀ, ਪਰ ਮਲਿੰਗਾ ਨੇ ਚਾਹਰ ਨੂੰ ਆਊਟ ਕਰ ਕੇ ਮੁੰਬਈ ਨੂੰ ਜਿਤਾ ਲਿਆ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



PROPERTIES FOR SALE



5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms



47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.



Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com




AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741



LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4



ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
Forklift Training
Reach Truck
1:1 Training
Air Brake Classes Sat-Sun 8am to 4pm
Counterbalance



Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2



SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636



Emergency Contact:
416.910.5676
www.shergilllawfirm.ca
2565 Steeles Ave E Unit #20, Brampton, ON L6T 4L6



LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਲੋਕ ਸਭਾ ਚੋਣਾਂ ਦੇ ਛੇਵੇਂ ਗੇੜ ਵਿੱਚ 7 ਰਾਜਾਂ ਵਿੱਚ 63 ਫ਼ੀਸਦੀ ਵੋਟਿੰਗ

*** ਕਈ ਥਾਂਈਂ ਹਿੰਸਾ, ਮਸ਼ੀਨਾਂ ਵਿੱਚ ਗੜਬੜ, ਇੱਕ ਚੋਣ ਅਫਸਰ ਦੀ ਮੌਤ**



ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੀਆਂ ਚੋਣਾਂ ਦੇ ਛੇਵੇਂ ਗੇੜ ਵਿਚ ਅੱਜ 7 ਰਾਜਾਂ ਦੇ 59 ਹਲਕਿਆਂ ਵਿੱਚ ਕੁੱਲ 63 ਫ਼ੀਸਦੀ ਵੋਟਿੰਗ ਦੀ ਖਬਰ ਹੈ। ਪੱਛਮੀ ਬੰਗਾਲ ਵਿੱਚ 80ਫ਼ੀਸਦੀ, ਝਾਰਖੰਡ64ਫ਼ੀਸਦੀ, ਮੱਧ ਪ੍ਰਦੇਸ਼63ਫ਼ੀਸਦੀ ਤੇ ਹਰਿਆਣਾ ਵਿੱਚ 65ਫ਼ੀਸਦੀ ਵੋਟਾਂ ਪਈਆਂ। ਇਸ ਗੇੜ ਵਿੱਚ ਕੇਂਦਰੀ ਮੰਤਰੀ ਰਾਧਾਮੋਹਨ ਸਿੰਘ, ਹਰਸ਼ਵਰਧਨ, ਮੇਨਕਾ ਗਾਂਧੀ, ਅਖਿਲੇਸ਼ ਯਾਦਵ, ਦਿਗਵਿਜੈ ਸਿੰਘ ਅਤੇ ਜੋਤੀਰਾਦਿੱਤਿਆ ਸਿੰਧਿਆ ਦੀ ਕਿਸਮਤ ਈਵੀਐਮ (ਬਿਜਲਈ ਵੋਟ ਮਸ਼ੀਨਾਂ) ਵਿੱਚਚਲੀ ਗਈ ਹੈ। ਅੱਜਉੱਤਰ ਪ੍ਰਦੇਸ਼ 14, ਹਰਿਆਣਾ 10, ਪੱਛਮੀ ਬੰਗਾਲ, ਮੱਧ ਪ੍ਰਦੇਸ਼ ਤੇ ਬਿਹਾਰ ਦੀਆਂ 8-8, ਦਿੱਲੀ ਦੀਆਂ 7 ਅਤੇ ਝਾਰਖੰਡ ਦੀਆਂ 4 ਸੀਟਾਂ ਉੱਤੇ ਵੋਟਾਂ ਪਈਆਂ।

ਰਾਸ਼ਟਰਪਤੀ ਰਾਮਨਾਥ ਕੋਵਿੰਦ, ਕਾਂ-ਗਰਸ ਪ੍ਰਧਾਨ ਰਾਹੁਲ ਗਾਂਧੀ, ਸ਼ੀਲਾ ਦੀਕਸ਼ਿਤ, ਕ੍ਰਿਕਟਰ ਵਿਰਾਟ ਕੋਹਲੀ ਦੇ ਸਮੇਤ ਕਈ ਖਾਸ ਲੋਕਾਂ ਨੇ ਅੱਜ ਆਪਣੀ ਵੋਟ ਦੀ ਵਰਤੋਂ ਕੀਤੀ। ਕਾਂ-ਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਦਿੱਲੀ ਦੇ ਨਿਰਮਾਣ ਭਵਨ ਦੇ ਪੋਲਿੰਗ ਬੂਥ ਉੱਤੇ ਵੋਟ ਪਾਉਣ ਦੇ ਬਾਅਦਆਖਿਆ ਕਿ ਲੋਕ ਸਭਾ ਚੋਣਾਂ ਬੇਰੁਜ਼ਗਾਰੀ, ਕਿਸਾਨ, ਨੋਟਬੰਦੀ ਤੇ ਭ੍ਰਿਸ਼ਟਾਚਾਰ ਦੇ ਮੁੱਦੇ ਉੱਤੇ ਲੜੀਆਂ ਜਾ ਰਹੀਆਂ ਹਨ। ਰਾਸ਼ਟਰਪਤੀ ਰਾਮਨਾਥ ਕੋਵਿੰਦਵੱਲੋਂ ਵੋਟ ਪਾਉਣ ਸਮੇਂ ਉਨ੍ਹਾਂ ਦੀ ਪਤਨੀ ਵੀ ਉਨ੍ਹਾਂ ਦੇ ਨਾਲ ਸਨ।ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਨੇ ਗੁਰੂਗ੍ਰਾਮ ਜਾ ਕੇ ਵੋਟ ਪਾਈ। ਮੱਧ ਪ੍ਰਦੇਸ਼ ਦੇ ਭੋਪਾਲ ਲੋਕ ਸਭਾ ਹਲਕੇ ਲਈ ਭਾਜਪਾ ਦੀ ਚਰਚਿਤ ਉਮੀਦਵਾਰ ਸਾਧਵੀ ਪ੍ਰੱਗਿਆ ਠਾਕੁਰ ਨੇ ਵੀ ਸਵੇਰੇ ਵੋਟ ਪਾਈ, ਉਸ ਦੀ ਟੱਕਰ ਕਾਂਗਰਸ ਉਮੀਦਵਾਰ ਦਿਗਵਿਜੈ ਸਿੰਘ ਨਾਲ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਰਨਾਲ ਦੇ ਇਕ ਵੋਟਿੰਗ ਕੇਂਦਰ ਉੱਤੇ ਵੋਟ ਪਾਈ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਪੂਰਬੀ ਦਿੱਲੀ ਹਲਕੇ ਦੇ ਇਕ ਕੇਂਦਰ ਉੱਤੇ ਵੋਟ ਪਾਈ ਹੈ।

ਇਸ ਦੌਰਾਨ ਦਿੱਲੀ ਦੇ ਕਈ ਵੋਟ ਕੇਂਦਰਾਂ ਉੱਤੇ ਵੋਟ ਮਸ਼ੀਨਾਂ ਵਿੱਚ ਗੜਬੜੀ ਦੀਆਂ ਸ਼ਿਕਾਇਤਾਂ ਮਿਲੀਆਂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮਨਾਥ ਭਾਰਤੀ ਨੇ ਦੋਸ਼ ਲਾਇਆ ਕਿ ਤਿੰਨ ਬੂਥਾਂਉੱਤੇ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ। ਦੱਖਣ ਦਿੱਲੀ ਤੋਂਏਸੇ ਪਾਰਟੀ ਦੇ ਉਮੀਦਵਾਰ ਰਾਘਵ ਚੱਢਾ ਨੇ ਕਿਹਾ ਕਿ ਸੰਗਮ ਵਿਹਾਰ ਵਿੱਚ ਇਕ ਬੂਥ ਵਿਚ ਭਾਜਪਾ ਕਾਰਕੁਨ 4-4 ਵਾਰ ਵੋਟ ਪਾਈ ਜਾ ਰਹੇ ਹਨ।

ਬਿਹਾਰ ਦੇ ਸ਼ਿਵਹਰ ਇਲਾਕੇ ਦੇ ਡੁਮਰੀ ਕਟਸਰੀ ਦੇ ਬੂਥ ਨੰਬਰ-275 ਵਿਚ ਇਕ ਸੁਰੱਖਿਆ ਮੁਲਾਜ਼ਮਕੋਲੋਂ ਗਲਤੀ ਨਾਲ ਗੋਲੀ ਚੱਲੀ ਅਤੇਚੋਣ ਅਫਸਰ ਦੀ ਮੌਤ ਹੋ ਗਈ। ਗੋਲੀ ਚੋਣ ਅਫਸਰ ਦੇ ਢਿੱਡ ਵਿੱਚ ਲੱਗੀ। ਪਤਾ ਲੱਗਾ ਹੈ ਕਿ ਹੋਮ ਗਾਰਡ ਜਵਾਨ ਸਰਯੁਗ ਦਾਸ ਦੀ ਬੰਦੂਕਤੋਂ ਅਚਾਨਕ ਗੋਲੀ ਚੱਲ ਕੇ ਪੋਲਿੰਗ ਅਫਸਰ ਸ਼ਿਵੇਂਦਰ ਕਿਸ਼ੋਰ (37) ਨੂੰ ਲੱਗੀ। ਉਸ ਨੂੰ ਮੁਜ਼ੱਫ਼ਰਨਗਰ ਸਰਕਾਰੀ ਹਸਪਤਾਲਦਾਖ਼ਲ ਕਰਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਹੋਮ ਗਾਰਡ ਨੂੰ ਗ੍ਰਿਫਤਾਰ ਕਰ ਲਿਆ ਹੈ। ਮ੍ਰਿਤਕ ਚੋਣ ਅਫਸਰ ਸੀਤਾਮੜ੍ਹੀ ਜ਼ਿਲ੍ਹੇ ਦੇ ਬਾਜਪੱਟੀ ਖੇਤਰ ਦੇ ਬਾਜੀਤਪੁਰ ਵਾਲੇ ਸਰਕਾਰੀ ਸਕੂਲ ਦਾ ਟੀਚਰ ਸੀ।

ਪੱਛਮ ਬੰਗਾਲ ਦੇ ਮਿਦਨਾਪੁਰ ਹਲਕੇ ਵਿੱਚ ਹਿੰਸਾ ਦੀਆਂ ਕਈ ਘਟਨਾਵਾਂ ਦੀ ਖਬਰ ਆਈ ਹੈ। ਘਾਟਲ ਤੋਂ ਭਾਜਪਾ ਉਮੀਦਵਾਰ ਅਤੇ ਸਾਬਕਾ ਪੁਲਸ ਅਧਿਕਾਰੀ ਭਾਰਤੀ ਘੋਸ਼ ਦੇ ਕਾਫ਼ਲੇ ਉੱਤੇ ਹਮਲਾ ਹੋਇਆ ਤੇ ਉਨ੍ਹਾਂ ਦੀ ਗੱਡੀ ਦੇ ਸ਼ੀਸੇ ਤੋੜ ਦਿੱਤੇ ਗਏ। ਕੇਸ਼ਪੁਰ ਚੋਣ ਕੇਂਦਰ ਦੇ ਬਾਹਰ ਉਨ੍ਹਾਂ ਨਾਲ ਕੁੱਟਮਾਰ ਅਤੇ ਧੱਕਾਮੁੱਕੀ ਹੋਈ। ਭਾਜਪਾ ਨੇ ਇਸ ਦੇ ਲਈ ਤ੍ਰਿਣਮੂਲ ਕਾਰਕੁਨਾਂ ਉੱਤੇ ਦੋਸ਼ ਲਾਇਆ ਤੇ ਚੋਣ ਕਮਿਸ਼ਨ ਨੇ ਇਸ ਬਾਰੇ ਜ਼ਿਲ੍ਹਾ ਚੋਣ ਅਧਿਕਾਰੀ ਤੋਂ ਰਿਪੋਰਟ ਮੰਗੀ ਹੈ। ਝਾਰਗ੍ਰਾਮ ਹਲਕੇ ਵਿੱਚਵੋਟਿੰਗਤੋਂ ਪਹਿਲਾਂ ਭਾਜਪਾ ਦੇ ਇਕ ਬੂਥ ਕਾਰਕੁਨ ਰਾਮੇਨ ਸਿੰਘਨੂੰ ਕਤਲ ਕਰ ਦਿੱਤਾ ਗਿਆ। ਤ੍ਰਿਣਮੂਲ ਕਾਂਗਰਸ ਦੇ ਇਕ ਕਾਰਕੁਨ ਦੀ ਵੀ ਲਾਸ਼ ਮਿਲੀ ਅਤੇ ਮਿਦਨਾਪੁਰ ਵਿੱਚ ਤ੍ਰਿਣਮੂਲ ਕਾਂਗਰਸ ਦੇ ਦੋ ਕਾਰਕੁਨਾਂ ਨੂੰ ਗੋਲੀ ਮਾਰੀ ਗਈ ਹੈ। ਦੋਵਾਂ ਨੂੰ ਹਸਪਤਾਲਦਾਖ਼ਲ ਕਰਵਾਇਆ ਗਿਆ ਹੈ।

ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਦੇ ਇੱਕ ਚੋਣ ਕੇਂਦਰ ਵਿੱਚ ਭਾਜਪਾ ਕਾਰਕੁਨਾਂ ਨੇ ਹੰਗਾਮਾ ਕੀਤਾ। ਅੱਜ ਸਵੇਰੇ ਵੋਟਿੰਗ ਦੌਰਾਨ ਓਥੇ ਇਕ ਵਿਅਕਤੀ ਨੇ ਭਾਜਪਾ ਦੇ ਝੰਡੇ ਨਾਲ ਆਪਣੇ ਜੁੱਤੀ ਸਾਫ਼ ਕਰ ਲਈ। ਇਸ ਘਟਨਾ ਬਾਰੇ ਭਾਜਪਾ ਕਾਰਕੁਨਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਬੰਦੇ ਨੂੰ ਘੇਰ ਲਿਆ ਤੇ ਬਹਿਸ ਦੌਰਾਨ ਭਾਜਪਾ ਕਾਰਕੁਨਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਫਿਰ ਪੁਲਿਸ ਨੂੰ ਹਾਲਾਤ ਉੱਤੇ ਕਾਬੂ ਪਾਉਣ ਲਈ ਲਾਠੀਚਾਰਜ ਕਰਨਾ ਪਿਆ।

# ਹਰਸਿਮਰਤ ਕੌਰ ਬਾਦਲ ਦੀਆਂ ਰੈਲੀਆਂ ਵਿੱਚ ਅੜਿੱਕੇ ਪਾ ਕੇ ਲੋਕ ਗੁੱਸਾ ਕੱਢਦੇ ਹਨ : ਕੈਪਟਨ





ਚੰਡੀਗੜ੍ਹ, 12 ਮਈ, (ਪੋਸਟ ਬਿਊਰੋ)- ਅਕਾਲੀ ਦਲ ਦੀਆਂ ਚੋਣ ਰੈਲੀਆਂ ਵਿੱਚ, ਖਾਸ ਤੌਰ ਉੱਤੇ ਬਠਿੰਡਾ ਹਲਕੇ ਵਿੱਚ ਲੋਕਾਂ ਵੱਲੋਂ ਹੰਗਾਮੇ ਕਰਨ ਲਈ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵਲੋਂ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਿੱਲੀ ਉਡਾਈ ਹੈ। ਇਸ ਸੰਬੰਧ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਲੋਕਾਂ ਦਾ ਗੁੱਸਾ ਹੈ, ਜਿਹੜਾ ਅਕਾਲੀ ਦਲ ਦੇ 10 ਸਾਲਾ ਰਾਜ ਵੇਲੇ ਉਨ੍ਹਾਂ ਨੂੰ ਪੇਸ਼ ਆਈਆਂ ਮੁਸੀਬਤਾਂ ਦੇ ਕਾਰਨ ਅੱਜ ਕੱਲ੍ਹ ਬਾਹਰ ਨਿਕਲ ਰਿਹਾ ਹੈ।

ਸਾਰੇ ਪੰਜਾਬ ਦੀ ਥਾਂ ਕੁਝ ਚੋਣਵੇਂ ਥਾਂਈਂ ਅਕਾਲੀ ਆਗੂਆਂ ਨੂੰ ਵਿਰੋਧ ਭੁਗਤਣਾ ਪੈਣ ਉੱਤੇ ਹੈਰਾਨੀ ਪ੍ਰਗਟ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਲੋਕਾਂ ਨੂੰ ਬਾਦਲਾਂ ਅਤੇ ਉਨ੍ਹਾਂ ਦੇ ਜੋਟੀਦਾਰਾਂ ਕੋਲੋਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਸੀ, ਜਿਸ ਬਾਰੇ ਸਾਹ ਸੌਖਾ ਆਏ ਤੋਂ ਅੱਜ ਲੋਕ ਅਪਣੀ ਆਵਾਜ਼ ਕੱਢਣ ਲੱਗੇ ਹਨ ਤੇ ਉਨ੍ਹਾਂ ਦਾ ਗੁੱਸਾ ਬਾਹਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਨੂੰ ਉਸ ਹਲਕੇ ਦੇ ਇਕ ਪਿੰਡ ਵਿਚ ਦਾਖ਼ਲ ਹੋਣ ਤੋਂ ਰੋਕਿਆ ਗਿਆ ਹੈ, ਜਿਸ ਤੋਂਜ਼ਾਹਰ ਹੈ ਕਿ ਬਾਦਲਾਂ ਦੇ ਕਰਮ ਉਨ੍ਹਾਂ ਦਾ ਪਿੱਛਾ ਕਰ ਰਹੇ ਹਨ, ਕਿਉਂਕਿ ਉਨ੍ਹਾਂ ਦੇ ਇਕ ਦਹਾਕੇ ਦੇ ਕੁਚੱਜੇ ਰਾਜ ਵੇਲੇ ਪੰਜਾਬ ਦੇ ਲੋਕਾਂ ਨੇ ਲਹੂ ਦੇ ਅੱਥਰੂ ਕੇਰੇ ਹੋਏ ਹਨ।

ਹਰਸਿਮਰਤ ਕੌਰ ਬਾਦਲ ਦੀ ਚੋਣ ਮੁਹਿੰਮ ਖਰਾਬ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਉਸ ਵਲੋਂ ਲਾਏ ਦੋਸ਼ਾਂ ਨੂੰ ਰੱਦ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀਆਂ ਨੇ ਬੇਅਦਬੀ ਦੇ ਕੇਸਾਂ ਤੋਂ ਲੋਕਾਂ ਦਾ ਧਰੁਵੀਕਰਨ ਕਰਨ ਦੀ ਕੋਸ਼ਿਸ਼ ਵਿੱਚ ਆਪਣੇ ਮਾੜੇ ਰਾਜ ਵੇਲੇ ਆਪਣੀਆਂ ਸੰਭਾਵਨਾਵਾਂ ਖੁਦ ਸਾਬੋ-ਤਾਜ ਕਰ ਲਿਆ ਸੀ। ਉਨ੍ਹਾ ਕਿਹਾ ਕਿ ਖ਼ੁਦ ਅਕਾਲੀਆਂ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕੀਤੀ ਸੀ, ਪਰ ਇਸ ਦੇ ਬਾਵਜੂਦ ਚੋਣਾਂ ਵਿਚ ਲੋਕਾਂ ਦੇ ਗੁੱਸੇ ਕਾਰਨ ਉਨ੍ਹਾਂ ਦਾ ਸਫਾਇਆ ਹੋ ਗਿਆ, ਕਿਉਂਕਿ ਲੋਕ ਇਕ ਦਹਾਕੇ ਦੇ ਮਾੜੇ ਰਾਜ ਦੀਆਂ ਮੁਸੀਬਤਾਂ ਨੂੰ ਅਜੇ ਤਕ ਨਹੀਂ ਭੁੱਲੇ ਅਤੇ ਬਾਦਲਾਂ ਨੂੰ ਮੁਆਫ਼ ਨਹੀਂ ਕਰਨਾ ਚਾਹੁੰਦੇ।

ਇਸ ਮੌਕੇ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਕੇਂਦਰੀ ਮੰਤਰੀ ਹੋਣ ਦੇ ਬਾਵਜੂਦ ਹਰਸਿਮਰਤ ਕੌਰ ਏਥੋਂ ਦੇ ਲੋਕਾਂ ਦੇ ਕਿਸੇ ਵੀ ਵਰਗ ਲਈ ਕੁਝ ਕਰਨ ਤੋਂ ਅਸਫ਼ਲ ਰਹੀਹੈ ਤੇ ਲੋਕ ਇਹ ਜਾਣਦੇ ਹਨ। ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਉਨ੍ਹਾਂ ਲੋਕਾਂ ਤੋਂ ਵੋਟਾਂ ਮੰਗਦੀ ਹੈ, ਜਿਨ੍ਹਾਂ ਨੂੰ ਇਸ ਦੇ ਪਰਵਾਰ ਨੇ ਤਬਾਹ ਕੀਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਕੀਤੇ ਹੋਏ ਕੰਮਨਾਲ ਜਿਤੀਆਂ ਜਾਂਦੀਆਂ ਹਨ,ਸਾਡੀ ਸਰਕਾਰ ਤੇ ਪਾਰਟੀ ਨੇ ਪਹਿਲਾਂ ਹੀ ਕਾਰਗੁਜ਼ਾਰੀ ਦਿਖਾ ਦਿਤੀ ਹੈ।

# ਸ਼੍ਰੀਲੰਕਾ ਵਿੱਚ ਅੱਤਵਾਦੀ ਹਮਲਿਆਂ ਪਿੱਛੋਂ ਫਿਰਕੂ ਹਿੰਸਾ ਦੇ ਕਾਰਨ ਕਰਫਿਊ ਲਾਉਣਾ ਪਿਆ

*** ਵੱਖਵਾਦੀ ਪ੍ਰਚਾਰ ਕਰਨ ਵਾਲਾ ਵਾਂਟਿਡ ਮੌਲਾਨਾ ਗ੍ਰਿਫਤਾਰ**



ਕੋਲੰਬੋ, 12 ਮਈ, (ਪੋਸਟ ਬਿਊਰੋ)- ਸ੍ਰੀ ਲੰਕਾ ਵਿੱਚ ਪਿਛਲੇ ਦਿਨੀਂ ਈਸਟਰ ਮੌਕੇ ਉੱਤੇ ਹੋਏ ਅੱਤਵਾਦੀ ਹਮਲਿਆਂ ਤੋਂ ਬਾਅਦ ਇਸ ਦੇਸ਼ ਵਿੱਚ ਦੰਗਿਆਂ ਦੇ ਭੜਕਣ ਦਾ ਖਤਰਾ ਜਾਪਣ ਲੱਗਾ ਹੈ। ਤਾਜ਼ਾ ਘਟਨਾ ਸ਼੍ਰੀਲੰਕਾ ਦੇ ਪੱਛਮੀ ਤਟਵਰਤੀ ਸ਼ਹਿਰ ਚਿਲਾ ਦੀ ਹੈ, ਜਿਥੇ ਇਕ ਮਸਜਿਦ ਅਤੇ ਕੁਝ ਮੁਸਲਿਮ ਦੁਕਾਨਦਾਰਾਂ ਉੱਤੇ ਭੀੜ ਦੇ ਹਮਲੇ ਪਿੱਛੋਂ ਅੱਜ ਕਰਫਿਊ ਲਾ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਸ਼ਹਿਰ ਵਿਚ ਹੋਰ ਫੋਰਸ ਤਾਇਨਾਤ ਕਰ ਦਿੱਤੀ ਗਈ ਤੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿਚ ਦੱਸੀ ਜਾ ਰਹੀ ਹੈ।

ਸਰਕਾਰੀ ਅਧਿਕਾਰੀਆਂ ਮੁਤਾਬਕ ਈਸਾਈ ਬਹੁ-ਗਿਣਤੀ ਵਾਲੇ ਚਿਲਾ ਸ਼ਹਿਰ ਵਿਚ ਕੈਥੋਲਿਕ ਤੇ ਮੁਸਲਮਾਨਾਂ ਦੇ ਵਿਚਾਲੇ ਸ਼ਨੀਵਾਰ ਤੋਂ ਤਣਾਅ ਜਾਪਦਾ ਸੀ। ਦੋਵੇਂ ਧਿਰਾਂ ਦਾ ਕਈ ਵਾਰ ਟਕਰਾਅ ਵੀ ਹੋਇਆ। ਇਕ ਇਸਾਈ ਔਰਤ ਨੇ ਦਾਅਵਾ ਕੀਤਾ ਕਿ ਉਸ ਨੂੰ ਇਕ ਮੁਸਲਿਮ ਦੀ ਦੁਕਾਨ ਵਿਚ ਧਮਕੀ ਦਿੱਤੀ ਗਈ। ਇਹ ਤਣਾਅ ਅੱਜ ਚਰਚਾਂ ਦੇ ਖੁੱਲ੍ਹਣ ਤੋਂ ਬਾਅਦ ਭੜਕਿਆ। ਵਰਨਣ ਯੋਗ ਹੈ ਕਿ ਅੱਤਵਾਦੀ ਹਮ-ਲਿਆਂ ਪਿੱਛੋਂ ਕੋਲੰਬੋ ਦੇ ਆਰਕਬਿਸ਼ਪ ਨੇ ਸਥਿਤੀ ਆਮ ਹੋਣ ਤੱਕ ਸਾਰੀਆਂ ਧਾਰਮਿਕ ਸਭਾਵਾਂ ਰੋਕ ਦਿੱਤੀਆਂ ਸਨ ਅਤੇ ਅੱਜ ਹੀ ਸ਼ੁਰੂ ਹੋਈਆਂ ਸਨ।

ਈਸਟਰ ਮੌਕੇ ਸ੍ਰੀਲੰਕਾ ਵਿਚ ਬੀਤੇ 21 ਅਪ੍ਰੈਲ ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਵਿਚ 250 ਲੋਕਾਂ ਦੀ ਮੌਤ ਹੋ ਗਈ ਅਤੇ 500 ਤੋਂਵੱਧਜ਼ਖਮੀ ਹੋਏ ਸਨ। ਇਨ੍ਹਾਂ ਹਮਲੇ 9 ਆਤਮਘਾਤੀ ਹਮਲਾਵਰਾਂ ਨੇ ਕੀਤੇ ਸਨ। ਦਹਿਸ਼ਤਗਰਦ ਜਥੇਬੰਦੀ ਆਈ ਐਸ ਨੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲਈ ਸੀ, ਪਰ ਸ੍ਰੀਲੰਕਾ ਸਰਕਾਰ ਨੇ ਲੋਕਲ ਵੱਖਵਾਦੀ ਗਰੁੱਪ ਤੌਹੀਦ ਜਮਾਤ ਨੂੰ ਇਨ੍ਹਾਂ ਹਮਲਿਆਂ ਦਾ ਜ਼ਿੰਮੇਵਾਰ ਦੱਸਿਆ ਸੀ।

ਅੱਜ ਸ੍ਰੀਲੰਕਾ ਦੇ ਭੰਡਾਰਨਾਇਕੇ ਕੌਮਾਂਤਰੀ ਹਵਾਈ ਅੱਡੇ ਉੱਤੇਇੱਕ 47 ਸਾਲਾ ਮੌਲਾਨਾ ਨੂੰ ਸੁਰੱਖਿਆ ਫੋਰਸਾਂ ਨੇ ਸੋਸ਼ਲ ਮੀਡੀਆ ਉੱਤੇ ਵੱਖਵਾਦੀ ਪ੍ਰਚਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਡੇਲੀ ਮਿਰਰ ਦੀ ਖਬਰ ਮੁਤਾਬਕ ਮੌਲਾਨਾ ਦੀ ਪਛਾਣ ਨਹੀਂ ਦੱਸੀ ਗਈ, ਪਰ ਇਹ ਦੱਸਿਆ ਗਿਆ ਹੈ ਕਿ ਉਹ ਸੋਸ਼ਲ ਮੀਡੀਆ ਉੱਤੇ ਅਜਿਹਾ ਵੀਡੀਓ ਪੇਸ਼ ਕਰਨ ਦੇ ਕੇਸ ਵਿਚ ਲੋੜੀਂਦਾ ਸੀ, ਜਿਹੜਾ ਸਮਾਜ ਦੇ ਤਾਣੇ-ਬਾਣੇ ਦਾ ਨੁਕਸਾਨ ਕਰਦਾ ਹੈ।ਮੌਲਾਨਾ ਨੂੰ 14 ਮਈ ਤੱਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਉਹ ਵਾਵੂਨੀਆ ਦਾ ਰਹਿਣ ਵਾਲਾ ਹੈ ਅਤੇ ਉਸ ਨੂੰ ਸ਼ਨੀਵਾਰ ਓਦੋਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਮੱਕਾ ਤੋਂ ਹੱਜ ਕਰਕੇ ਮੁੜਿਆ ਸੀ। ਅਖਬਾਰ ਦੀ ਖਬਰ ਮੁਤਾਬਕ ਉਹ ਸ਼ੱਕੀ ਲੋਕਾਂ ਨੂੰ ਹੱਜਲਈ ਭੇਜਦਾ ਸੀ। ਇਹ ਗ੍ਰਿਫਤਾਰੀ ਓਦੋਂ ਹੋਈ, ਜਦੋਂ ਦੇਸ਼ ਦੀਆਂ ਮਸਜਿਦਾਂ ਦੇ ਟਰੱਸਟੀਆਂ ਨੂੰ ਕਿਹਾ ਗਿਆ ਹੈ ਕਿ ਨਫਰਤ ਦਾ ਪ੍ਰਚਾਰ ਕਰਨ ਵਾਲੀ ਕਿਸੇ ਵੀ ਮੀਟਿੰਗ ਵਿਚ ਨਾ ਉਹ ਖੁਦ ਹਿੱਸਾ ਲੈਣ ਅਤੇ ਨਾ ਅਜਿਹੀ ਮੀਟਿੰਗ ਕਰਨ ਦੇਣ।

# ਸੁਖਬੀਰ ਸਿੰਘ ਬਾਦਲ ਵੱਲੋਂ ਦੋਸ਼: ਗਰਮਦਲੀ ਤਾਕਤਾਂ ਨੂੰ ਅੱਗੇ ਲਿਆ ਕੇ ਕਾਂਗਰਸ ਪੰਜਾਬ ਦਾ ਮਾਹੌਲ ਖਰਾਬ ਕਰਨ ਲੱਗੀ

ਹੁਸ਼ਿਆਰਪੁਰ, 12 ਮਈ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਨੇ ਕਈ ਸਾਲ ਆਪਣੇ ਪਿੰਡੇ ਉੱਤੇਜਿਵੇਂ ਖਾੜਕੂਵਾਦ ਹੰਢਾਇਆ, ਉਸ ਲਈ ਕਾਂਗਰਸ ਜ਼ਿੰਮੇਵਾਰ ਹੈ ਤੇ ਅੱਜ ਉਹ ਫਿਰ ਗਰਮਦਲੀਆਂ ਨੂੰ ਜਾਣ-ਬੁੱਝ ਕੇ ਅੱਗੇ ਲਿਆ ਕੇ ਖ਼ਾਲਿਸਤਾਨ ਦੇ ਨਾਂ ਉੱਤੇ ਮਾਹੌਲ ਖਰਾਬ ਕਰਨਲੱਗੀ ਹੈ।

ਅੱਜ ਐਤਵਾਰ ਨੂੰ ਹੁਸ਼ਿਆਰਪੁਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਵਕਤਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੀ ਕਾਂਗਰਸ ਸਰਕਾਰ ਦੀ ਤਿੱਖੀ ਨੁਕਤਾਚੀਨੀ ਕੀਤੀ। ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂਭਾਜਪਾ ਉਮੀਦਵਾਰ ਸੋਮ ਪ੍ਰਕਾਸ਼ ਦੀ ਚੋਣ ਮੁਹਿੰਮ ਲਈ ਜ਼ਿਲ੍ਹੇ ਦੇ ਅਕਾਲੀ ਭਾਜਪਾ ਆਗੂਆਂ ਨਾਲ ਵਿਸ਼ੇਸ਼ ਬੈਠਕ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਬਰਗਾੜੀ ਦਾ ਮੋਰਚਾ ਤੇ ਗਰਮਦਲੀਏ ਅਚਾਨਕ ਫਿਰ ਸਰਗਰਮ ਹੋਏ ਹਨ, ਜਿਸ ਪਿੱਛੇ ਖਾਸ ਕਰਕੇ ਕਾਂਗਰਸ ਸਰਕਾਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਦਿਮਾਗ਼ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਬਰਗਾੜੀ ਮੋਰਚੇ ਦੇ ਨਾਂਅ ਉੱਤੇਬਾਦਲ ਪਿੰਡ ਵੱਲ ਕੀਤੇ ਗਏ ਮਾਰਚ ਵਿੱਚ ਜਗ੍ਹਾ-ਜਗ੍ਹਾ ਖ਼ਾਲਿਸਤਾਨ ਦੇ ਨਾਅਰੇ ਲਾਏ ਗਏ ਤੇ ਇਹ ਕੁਝ ਕਰਕੇ ਕਾਂਗਰਸ ਵੱਲੋਂ ਪੰਜਾਬ ਦਾ ਮਾਹੌਲ ਖਰਾਬ ਕਰਨ ਦੀਆਂ ਸਾਜ਼ਿਸ਼ ਹੋ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਸੁਨੀਲ ਜਾਖੜ ਨੂੰ ਹਿੰਦੂ ਚਿਹਰਾ ਦੱਸਣ ਅਤੇ ਰਾਜਾ ਵੜਿੰਗ ਵੱਲੋਂ ਇਹ ਕਹਿਣ ਕਿ ਅਕਾਲੀ ਭਾਜਪਾ ਨੂੰ ਵੋਟ ਦੇਣ ਵਾਲਾ ਸੱਚਾ ਹਿੰਦੂ ਨਹੀਂ ਹੋਵ-ੇਗਾ, ਬਾਰੇ ਸਵਾਲਦੇ ਜਵਾਬ ਵਿੱਚ ਪਹਿਲਾਂ ਸੁਖਬੀਰ ਸਿੰਘ ਬਾਦਲ ਉਲਝ ਗਏ, ਫਿਰ ਤੀਕਸ਼ਣ ਸੂਦ ਦੇ ਦਖ਼ਲ ਨਾਲ ਉਨ੍ਹਾਂ ਕਿਹਾ: 'ਰਾਜਾ ਵੜਿੰਗ ਕੀ ਐ' ਅਤੇ ਅਗਲੀ ਗੱਲ ਇਹ ਕਹਿ ਦਿੱਤੀ ਕਿ ਕਾਂਗਰਸ ਬੁਰੀ ਤਰ੍ਹਾਂ ਹਾਰ ਰਹੀ ਹੈ, ਜਿਸ ਕਾਰਨ ਉਹ ਨਿਰਾਸ਼ਾ ਵਿੱਚ ਅਜਿਹੀਆਂ ਬੇਤੁਕੀਆਂ ਗੱਲਾਂ ਉਹ ਲੋਕ ਕਰਦੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre
Specializing In:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh
President

308 Rutherford Road
Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905 - 460 - 1414

HEAD OFFICE: 905-874-9878
Tol Free: 1-877-799-9878, www.skydomeauto.ca

**Paramjit Deol** Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**TORONTO $6.99/Sq Ft** — **22 Arrow Rd 1**: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

**Chatham-Kent $85,000** — **2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

**TORONTO $140,000** — **45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

**BRAMPTON $169,900** — Photo Not Available — **537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

**BRAMPTON $195,900** — Photo Not Available — **2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

**BRAMPTON $199,900** — Photo Not Available — **8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

**BRAMPTON $199,000** — **25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

**BRAMPTON $369,000** — **15 Brisdale Dr 7&8 :** ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**TORONTO $309,000** — **320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

**BRAMPTON $349,000** — SUBWAY eat fresh. — **3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000** — **315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**MISSISSAUGA $469,000** — Photo Not Available — **349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

**BRAMPTON $469,000** — Photo Not Available — **537 Van Kirk Dr 110:** For sale Please call 905-405-8484

**BRANTFORD $525,000** — **118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

**MISSISSAUGA $629,000** — Photo Not Available — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $779,000** — **9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਅਸ਼ੋਕ ਚੁਟਾਨੀ ਦੀ ਪੁਸਤਕ 'ਸੁਪਨਿਆਂ ਦੇ ਪਰਛਾਵੇਂ' ਲੋਕ ਅਰਪਣ



ਮੋਗਾ, 12 ਮਈ (ਗਿਆਨ ਸਿੰਘ): ਲੋਕ ਸਾਹਿਤ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਅੰਕੜਾ ਵਿਭਾਗ ਦੇ ਸੇਵਾਮੁੱਕਤ ਅਧਿਕਾਰੀ ਅਸ਼ੋਕ ਚੁਟਾਨੀ ਦੀ ਸੱਤਵੀਂ ਪੁਸਤਕ ''ਸੁਪਨਿਆਂ ਦੇ ਪਰਛਾਵੇਂ'' ਸਥਾਨਕ ਸੁਤੰਤਰਤਾ ਸੰਗਰਾਮੀ ਭਵਨ ਵਿੱਚ ਲੇਖਕਾਂ ਵਲੋਂ ਲੋਕ ਅਰਪਣ ਕੀਤੀ ਗਈ। ਲੋਕ ਸਾਹਿਤ ਅਕਾਦਮੀ ਵਲੋਂ ਕਰਵਾਏ ਸਾਹਿਤਕ ਸਾਮਾਗਮ ਦੀ ਪ੍ਰਧਾਨਗੀ ਡਾ: ਸੁਰਜੀਤ ਬਰਾੜ ਅਤੇ ਪ੍ਰਸਿੱਧ ਸ਼ਾਇਰ ਰਣਜੀਤ ਸਰਾਂਵਾਲੀ ਨੇ ਕੀਤੀ।

ਪੁਸਤਕ ਦੀ ਜਾਣ ਪਛਾਣ ਕਰਵਾਉਂਦਿਆਂ ਲੋਕ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ: ਸੁਰਜੀਤ ਬਰਾੜ ਨੇ ਆਖਿਆ ਕਿ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਸੰਬੋਧਨ ਹੋਣ ਵਾਲੀ ਕਵਿਤਾ ਹੀ ਆਵਾਮ ਵਲੋਂ ਪ੍ਰਵਾਨ ਕੀਤੀ ਜਾਂਦੀ ਹੈ। ਉਹਨਾਂ ਮੱਧਕਾਲ ਦੀ ਪੰਜਾਬੀ ਕਵਿਤਾ ਅਤੇ ਅਜੋਕੇ ਸਮੇ ਰਚੀ ਜਾ ਰਹੀ ਸ਼ਾਇਰੀ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੰਦੇ ਹੋਏ ਸਿੱਧ ਕੀਤਾ ਕਿ ਪੰਜਾਬੀ ਸ਼ਾਇਰੀ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਉਸਦੀ ਸੁਰ ਹਾਕਮਾਂ ਦੇ ਖਿਲਾਫ਼ ਅਤੇ ਲੋਕ ਪੱਖੀ ਰਹੀ ਹੈ।

ਅਕਾਦਮੀ ਦੇ ਜਨਰਲ ਸਕੱਤਰ ਅਤੇ ਕਹਾਣੀਕਾਰ ਗੁਰਮੀਤ ਕੜਿਆਲਵੀ, ਰਣਜੀਤ ਸਰਾਂਵਾਲੀ ਅਤੇ ਗੁਰਮੇਲ ਸਿੰਘ ਚੰਦ ਨਵਾਂ ਨੇ ਲੇਖਕ ਦੀ ਨਵੀਂ ਪੁਸਤਕ ਨੂੰ ਜੀ ਆਖਿਆ। ਇਹਨਾਂ ਲੇਖਕਾਂ ਨੇ ਆਖਿਆ ਕਿ ਸਮੇਂ ਦੇ ਹਾਣ ਦੀ ਸ਼ਾਇਰੀ ਕਰਨ ਲਈ ਅਜੋਕੇ ਲੇਖਕਾਂ ਨੂੰ ਵੱਧ ਤੋਂ ਵੱਧ ਅਧਿਐਨ ਕਰਨਾ ਹੈ ਅਤੇ ਲੋਕ ਮਸਲਿਆ ਵੱਲ ਧਿਆਨ ਦੇਣਾ ਚਾਹੀਦਾ ਹੈ। ਸਾਹਿਤ ਆਕਾਦਮੀ ਐਵਾਰਡ ਜੇਤੂ ਕਵੀ ਰਣਜੀਤ ਸਰਾਂਵਾਲੀ ਦੀ ਸ਼ਾਇਰੀ ਨੇ ਸਰੋਤੇ ਝੂੰਮਣ ਲਾ ਦਿੱਤੇ।

ਪ੍ਰਿੰਸੀਪਲ ਨਿਰਮਲਜੀਤ ਕੌਰ , ਗੁਰਚਰਨ ਸਿੰਘ ਸੰਘਾ, ਪਰਮਜੀਤ ਸਿੰਘ ਅਤੇ ਨਛੱਤਰ ਸਿੰਘ ਪ੍ਰੇਮੀ ਨੇ ਅਸ਼ੋਕ ਚੁਟਾਨੀ ਬਾਰੇ ਬੋਲਦਿਆਂ ਉਸਦੇ ਮਾਨਵੀ ਗੁਣਾਂ ਦੀ ਸਾਲਾਘਾ ਕੀਤੀ। ਬੁਲਾਰਿਆਂ ਨੇ ਚੁਟਾਨੀ ਵਲੋਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਪੁਸਤਕਾਂ ਦੀ ਵੀ ਜਾਣ ਪਛਾਣ ਕਰਵਾਈ। ਪ੍ਰਸਿੱਧ ਸ਼ਾਇਰਾ ਬੇਅੰਤ ਕੌਰ ਗਿੱਲ, ਚਰਨਜੀਤ ਸਮਾਲਸਰ, ਅਵਤਾਰ ਸਮਾਲਸਰ, ਮਾਸਟਰ ਪ੍ਰੇਮ ਕੁਮਾਰ, ਦਿਲਬਾਗ ਬੁੱਕਣਵਾਲਾ, ਜੰਗੀਰ ਸਿੰਘ ਖੋਖਰ, ਸ਼ੀਰਾ ਗਰੇਵਾਲ ਰੌਂਤਾ, ਜਸਵੰਤ ਰਾਊਕੇ ਪ੍ਰਧਾਨ ਸਾਹਿਤ ਵਿਚਾਰ ਮੰਚ ਨਿਹਾਲ ਸਿੰਘ ਵਾਲਾ, ਗੁਰਚਰਨ ਸਿੰਘ ਢੁੱਡੀਕੇ, ਜੈਕਬ ਢੁੱਡੀਕੇ, ਸੁਰਜੀਤ ਸਿੰਘ ਕਾਉਂਕੇ, ਗੁਰਦੇਵ ਸਿੰਘ ਦਰਦੀ, ਕਰਮਜੀਤ ਕੌਰ ਲੰਡੇਕੇ, ਹਰਭਜਨ ਸਿੰਘ ਨਾਗਰਾ ਨੇ ਆਪਣੀਆਂ ਰਚਨਾਵਾਂ ਵੀ ਸੁਣਾਈਆਂ ਅਤੇ ਲੇਖਕ ਅਸ਼ੋਕ ਚੁਟਾਨੀ ਨੂੰ ਨਵੀਂ ਪੁਸਤਕ ਦੇ ਲੋਕ ਅਰਪਣ ਹੋਣ 'ਤੇ ਵਧਾਈ ਵੀ ਦਿੱਤੀ। ਧਾਮੀ ਗਿੱਲ ਅਤੇ ਗੁਰਪ੍ਰੀਤ ਧਰਮਕੋਟ ਨੇ ਲੋਕ ਮਸਲਿਆਂ ਨੂੰ ਲੈਕੇ ਬਹੁਤ ਹੀ ਵਧੀਆ ਕਵਿਤਾਵਾਂ ਪੇਸ਼ ਕੀਤੀਆਂ ਜੋ ਅਜੋਕੀ ਰਾਜਨੀਤਕ ਵਿਵਸਥਾ 'ਤੇ ਕਰਾਰਾ ਵਿਅੰਗ ਕਰਦੀਆਂ ਸਨ।

ਹੋਰਨਾਂ ਤੋਂ ਇਲਾਵਾ ਨੌਜਵਾਨ ਲੇਖਕ ਚਮਕੌਰ ਬਾਘੇਵਾਲੀਆ, ਧਰਮਪਾਲ,ਸੁਖਮੰਦਰ ਸਿੰਘ ਤਾਰੇਵਾਲਾ,ਅਵਤਾਰ ਸਿੰਘ ਹੇਅਰ, ਡਾ: ਹਰਨੇਕ ਸਿੰਘ ਰੋਡੇ, ਭੁਪਿੰਦਰ ਸਿੰਘ, ਨਾਵਲਕਾਰ ਹਰੀ ਸਿੰਘ ਢੁੱਡੀਕੇ, ਅਤੇ ਗਿਆਨ ਸਿੰਘ ਰਿਟਾ: ਡੀ ਪੀ ਆਰ ਓ ਵੀ ਇਸ ਮੌਕੇ ਹਾਜ਼ਰ ਸਨ।

# ਪਾਣੀਆਂ ਦੇ ਮੁੱਦੇ 'ਤੇ ਸਮਾਜ ਸੇਵੀਆਂ ਦੀ ਇਕੱਤਰਤਾ ਮੀਲ ਪੱਥਰ ਸਾਬਤ ਹੋਵੇਗੀ : ਡਾ. ਅਜਾਦ



ਮੋਗਾ, 12 ਮਈ (ਗਿਆਨ ਸਿੰਘ): ਪੰਜਾਬ ਦੇ ਪਲੀਤ ਹੋ ਰਹੇ ਦਰਿਆਈ ਪਾਣੀਆਂ,ਧਰਤੀ ਹੇਠਲੇ ਪਾਣੀ ਅਤੇ ਹੋਰ ਕੁਦਰਤੀ ਸ੍ਰੋਤਾਂ ਦੀ ਦੁਰਵਰਤੋਂ ਲਈ ਜਿੰਨੀਆਂ ਸਰਕਾਰਾਂ ਦੋਸ਼ੀ ਹਨ, ਉਸ ਤੋਂ ਵੀ ਜਿਆਦਾ ਅਸੀਂ ਲੋਕ ਜਿੰਮੇਵਾਰ ਹਾਂ ਕਿਉਂਕਿ ਅਸੀਂ ਅੱਜ ਤੱਕ ਸਰਕਾਰ ਤੋਂ ਆਪਣੇ ਭਵਿੱਖ ਨੂੰ ਬਚਾਉਣ ਦੀ ਮੰਗ ਹੀ ਨਹੀਂ ਕੀਤੀ । ਹੁਣ ਲੋਕ ਜਾਗੇ ਹਨ ਤਾਂ ਰਾਜਨੀਤਕ ਪਾਰਟੀਆਂ ਨੂੰ ਵੀ ਮਜਬੂਰੀ ਵੱਸ ਇਸ ਏਜੰਡੇ ਨੂੰ ਪਹਿਲ ਦੇਣੀ ਪਵੇਗੀ ਤੇ ਮੋਗਾ ਮੀਟਿੰਗ ਪੰਜਾਬ ਦੇ ਭਵਿੱਖ ਨੂੰ ਬਚਾਉਣ ਵਿੱਚ ਮੀਲ ਪੱਥਰ ਸਾਬਿਤ ਹੋਵੇਗੀ ।





ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉਘੇ ਸਮਾਜ ਸੇਵੀ ਅਤੇ ਖੋਜੀ ਡਾ. ਅਮਰ ਸਿੰਘ ਅਜਾਦ ਨੇ ਗੁਰੂ ਨਾਨਕ ਕਾਲਜ਼ ਮੋਗਾ ਵਿਖੇ ਭਾਈ ਘਨਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਦੇ ਸੱਦੇ ਤੇ ਪੰਜਾਬ ਭਰ ਤੋਂ ਇਕੱਤਰ ਹੋਏ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਲੋਕਾਂ ਦੀ ਮੀਟਿੰਗ ਦੇ ਸਮਾਪਤੀ ਭਾਸਣ ਮੌਕੇ ਕੀਤਾ । ਉਹਨਾਂ ਇਸ ਮੌਕੇ ਪ੍ਰਦੂਸਣ ਦੀ ਅਸਲ ਪਰਿਭਾਸ਼ਾ, ਕਿਸਮਾਂ ਅਤੇ ਉਸ ਨੂੰ ਫੈਲਾਉਣ ਵਿੱਚ ਵੱਖ ਵੱਖ ਅਦਾਰਿਆਂ ਅਤੇ ਆਮ ਲੋਕਾਂ ਦੇ ਯੋਗਦਾਨ ਬਾਰੇ ਵੀ ਚਾਨਣਾ ਪਾਇਆ । ਇਸ ਮੌਕੇ ਉਘੇ ਪੱਤਰਕਾਰ ਬਲਤੇਜ ਪੰਨੂੰ ਅਤੇ ਸਵਰਨ ਸਿੰਘ ਦਾਨੇਵਾਲੀਆ ਨੇ ਕਿਹਾ ਕਿ ਬੇਲੋੜੀ ਇੰਡਸਟਰੀ ਜਿਵੇਂ ਸੋਡਾ, ਬੋਤਲ ਬੰਦ ਅਤੇ ਆਰ ਓ ਪਾਣੀ ਤਿਆਰ ਕਰਨ ਵਾਲੀਆਂ ਫੈਕਟਰੀਆਂ ਪੰਜਾਬ ਤੋਂ ਬਾਹਰ ਤਬਦੀਲ ਕਰਨ ਅਤੇ ਫੈਕਟਰੀਆਂ ਦਾ ਜਹਿਰੀਲਾ ਪਾਣੀ ਬਿਨ੍ਹਾਂ ਸੋਧੇ ਦਰਿਆਵਾਂ ਵਿੱਚ ਸੁੱਟਣਾ ਬੰਦ ਕਰਨ ਦੀ ਮੰਗ ਕਰਦਿਆਂ ਪੰਜਾਬੀਆਂ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਅਤੇ 550 ਸਾਲਾ ਜਨਮ ਦਿਵਸ ਦੇ ਦਰਮਿਆਨ ਪ੍ਰਦੂਸ਼ਣ ਦਾ ਆਂਕਲਣ ਕਰਨ ਲਈ ਕਿਹਾ । ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਘੇ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ, ਬਲਦੇਵ ਸਿੰਘ ਸੜਕਨਾਮਾ, ਜਸਵੰਤ ਜ਼ਫਰ, ਗੁਰਚਰਨ ਨੂਰਪੁਰ, ਅਸ਼ੋਕ ਚੱਟਾਨੀ, ਜਸਵੀਰ ਸਿੰਘ ਭਲੂਰੀਆ ਅਤੇ ਮਾ. ਬਿੱਕਰ ਸਿੰਘ ਹਾਂਗਕਾਂਗ ਨੇ ਸਾਹਿਤਕ ਪੱਖ ਤੋਂ ਪ੍ਰਦੂਸ਼ਣ ਨੂੰ ਪਰਿਭਾਸਿਤ ਕਰਦਿਆਂ ਲੋਕਾਂ ਨੂੰ ਇਸ ਗੰਭੀਰ ਮੁੱਦੇ ਤੇ ਜਾਗਣ ਦੀ ਭਾਵਨਾਤਮਕ ਅਪੀਲ ਕੀਤੀ। ਉਘੇ ਵਾਤਾਵਰਣ ਪ੍ਰੇਮੀ ਸੰਤ ਗੁਰਮੀਤ ਸਿੰਘ ਕਾਰ ਸੇਵਾ ਖੋਸਾ ਕੋਟਲਾ ਵਾਲਿਆਂ ਨੇ ਗੁਰਬਾਣੀ ਅਤੇ ਵਿਦੇਸ਼ੀ ਮਾਡਲ ਦੀਆਂ ਉਦਹਾਰਣਾਂ ਦੇ ਕੇ ਆਮ ਲੋਕਾਂ ਦੀ ਧਰਤੀ ਮਾਂ, ਪਾਣੀ ਪਿਤਾ ਅਤੇ ਹਵਾ ਗੁਰੂ ਬਾਰੇ ਮਾਨਸਿਕਤਾ ਦਾ ਵਿਵਰਣ ਕੀਤਾ ਅਤੇ ਇਸ ਨੂੰ ਬਦਲਣ ਤੇ ਜੋਰ ਦਿੱਤਾ । ਵਾਤਾਵਰਣ ਪ੍ਰੇਮੀ ਅਤੇ ਸਮਾਜ ਸੇਵੀ ਜਗਤਾਰ ਸਿੰਘ ਗਿੱਲ, ਸ਼ਵਿੰਦਰ ਸਿੰਘ ਸਿੱਧੂ ਫਰੀਦਕੋਟ, ਬਖਸ਼ੀਸ਼ ਸਿੰਘ ਜੌੜਾ ਤਰਨਤਾਰਨ, ਰਾਜਨ ਗੋਇਲ ਅਮ੍ਰਿਤਸਰ, ਡਾ. ਹਰਨੇਕ ਸਿੰਘ ਰੋਡੇ ਮੋਗਾ, ਜਗਪਾਲ ਸਿੰਘ ਪਾਤੜਾਂ, ਜਸਪ੍ਰੀਤ ਸਿੰਘ ਪਟਿਆਲਾ, ਨਿਰਮਲ ਸਿੰਘ ਮਾਹਲਾ, ਹਰਪਾਲ ਸਿੰਘ ਬਰਾੜ, ਐਸ.ਕੇ. ਬਾਂਸਲ, ਰਾਜੇਸ਼ ਭਾਰਦਵਾਜ਼, ਇਕਬਾਲ ਸਿੰਘ ਖੋਸਾ, ਬਲਜੀਤ ਸਿੰਘ ਖੀਵਾ, ਕੁਲਵੰਤ ਸਿੰਘ ਰਿੱਚੀ, ਦੀਪਕ ਸਿੰਗਲਾ ਮੋਗਾ, ਲਖਬੀਰ ਇਯਾਲੀ ਲੁਧਿਆਣਾ, ਨਛੱਤਰ ਸਿੰਘ ਜੀਰਾ, ਹਰਜਿੰਦਰ ਸਿੰਘ ਚੁਗਾਵਾਂ, ਮਹਿੰਦਰ ਪਾਲ ਲੂੰਬਾ, ਹਰਜਿੰਦਰ ਕਿੱਤਣਾ ਤਲਵੰਡੀ ਭਾਈ, ਪ੍ਰੀਤਮ ਅਖਾੜਾ, ਬਲਵਿੰਦਰ ਸਿੰਘ ਅਸੂਲ ਮੰਚ ਪੰਜਾਬ, ਪ੍ਰੀਤ ਭਗਵਾਨ, ਸੁਰਿੰਦਰ ਮਚਾਕੀ ਅਤੇ ਰਣਦੀਪ ਸਿੰਘ ਫਿਰੋਜਪੁਰ, ਅਮਨਪਾਲ ਸੇਖੋਂ ਬਠਿੰਡਾ, ਕ੍ਰਿਸ਼ਨ ਗਰਗ ਮਾਨਸਾ, ਜਸਵਿੰਦਰ ਸਿੰਘ ਜਲੰਧਰ ਨੇ ਵੀ ਪਾਣੀ ਪ੍ਰਦੂਸ਼ਣ ਅਤੇ ਦੁਰਵਰਤੋਂ ਰੋਕਣ ਲਈ ਲੋਕਾਂ ਦੇ ਜਾਗਰੂਕ ਹੋਣ ਦੀ ਲੋੜ ਤੇ ਜੋਰ ਦਿੰਦਿਆਂ ਇਸ ਮੁਹਿੰਮ ਨੂੰ ਸਕੂਲਾਂ, ਕਾਲਜ਼ਾਂ ਦੇ ਵਿਹੜੇ ਤੋਂ ਪਿੰਡ ਦੀ ਸੱਥ ਤੱਕ ਲਿਜਾਣ ਦੀ ਗੱਲ ਕੀਤੀ ਤਾਂ ਜੋ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਦਾ ਮੂੰਹ ਇਸ ਅਹਿਮ ਵਿਸ਼ੇ ਵੱਲ ਮੋੜਿਆ ਜਾ ਸਕੇ । ਮੀਟਿੰਗ ਦੇ ਅੰਤ ਵਿੱਚ ਸੁਸਾਇਟੀ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਮੀਟਿੰਗ ਵਿੱਚ ਸ਼ਾਮਿਲ ਹੋਣ ਤੇ ਪੰਜਾਬ ਭਰ ਦੇ ਵਾਤਾਵਰਣ ਪ੍ਰੇਮੀਆਂ ਅਤੇ ਮੋਗਾ ਜਿਲ੍ਹੇ ਦੀਆਂ ਸਮੂਹ ਸਮਾਜ ਸੇਵੀ ਸੰਸਥਾਵਾਂ ਦਾ ਸਫਲ ਮੀਟਿੰਗ ਦੇ ਆਯੋਜਨ ਲਈ ਧੰਨਵਾਦ ਕੀਤਾ । ਇਸ ਮੀਟਿੰਗ ਵਿੱਚ ਪੰਜਾਬ ਦੇ 11 ਜਿਲ੍ਹਿਆਂ ਵਿੱਚੋਂ 150 ਦੇ ਕਰੀਬ ਵਾਤਾਵਰਣ ਪ੍ਰੇਮੀ ਇਕੱਤਰ ਹੋਏ । ਮੰਚ ਸੰਚਾਲਨ ਰੂਰਲ ਐਨ.ਜੀ.ਓ. ਮੋਗਾ ਅਤੇ ਕੈਂਸਰ ਰੋਕੋ ਸੇਵਾ ਸੁਸਾਇਟੀ ਦੀ ਮੋਗਾ ਇਕਾਈ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ ਕੀਤਾ ।

# ਸਰਬੱਤ ਦਾ ਭਲਾ ਟਰੱਸਟ ਵੱਲੋਂ 135 ਵਿਧਵਾ ਔਰਤਾਂ ਨੂੰ ਪੈਨਸ਼ਨਾਂ ਦੇ ਚੈਕ



ਮੋਗਾ, 12 ਮਈ (ਗਿਆਨ ਸਿੰਘ): ਡਾ. ਐਸ.ਪੀ. ਸਿੰਘ ਉਬਰਾਏ ਜੀ ਹੁਣ ਤੱਕ ਦੁਬਈ ਦੀਆਂ ਜੇਲ੍ਹਾਂ ਵਿੱਚ ਮੌਤ ਦਾ ਇੰਤਜਾਰ ਕਰ ਰਹੇ 100 ਤੋਂ ਉਪਰ ਭਾਰਤੀ ਅਤੇ ਪਾਕਿਸਤਾਨੀ ਨੌਜਵਾਨਾਂ ਨੂੰ ਆਪਣੇ ਕੋਲੋਂ ਬਲੱਡ ਮਨੀ ਦੇ ਕੇ ਵਾਪਿਸ ਆਪਣੇ ਪਰਿਵਾਰਾਂ ਨਾਲ ਮਿਲਾ ਚੁੱਕੇ ਹਨ । ਉਹਨਾ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਦਿੱਲੀ ਵਿੱਚ ਹਰ ਜਿਲ੍ਹਾ ਹੈਡਕੁਆਰਟਰ ਤੇ ਆਪਣੇ ਯੂਨਿਟ ਸਥਾਪਿਤ ਕਰਕੇ ਵਿਧਵਾ ਔਰਤਾਂ ਨੂੰ ਬੱਚਿਆਂ ਦੀ ਪੜ੍ਹਾਈ ਲਈ ਦਿੱਤੀ ਜਾ ਰਹੀ ਮਾਸਿਕ ਸਹਾਇਤਾ, ਹੁਸ਼ਿਆਰ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸਕਾਲਰਸ਼ਿਪ, ਹਰ ਮਹੀਨੇ ਲਗਾਏ ਜਾ ਰਹੇ ਅੱਖਾਂ ਦੇ ਮੁਫਤ ਅਪਰੇਸ਼ਨ ਕੈਂਪ, ਸਕੂਲਾਂ ਵਿੱਚ ਬੱਚਿਆਂ ਲਈ ਸਾਫ ਪਾਣੀ ਲਈ ਲਗਵਾਏ ਜਾ ਰਹੇ ਆਰ.ਓ., ਸਿਵਲ ਹਸਪਤਾਲ ਮੋਗਾ ਵਿੱਚ ਕਾਲੇ ਪੀਲੀਏ ਦੇ ਮਰੀਜਾਂ ਲਈ ਲਗਾਈ ਗਈ ਡਾਇਲਿਸਿਸ ਮਸ਼ੀਨ, ਨੌਜਵਾਨ ਲੜਕੇ ਲੜਕੀਆਂ ਨੂੰ ਕੰਪਿਊਟਰ ਅਤੇ ਸਿਲਾਈ ਦੀ ਮੁਫਤ ਸਿੱਖਿਆ ਦਿੱਤੀ ਜਾ ਰਹੀ ਹੈ ਅਤੇ ਹੁਣ ਇਸ ਸੇਵਾ ਵਿੱਚ ਵਾਧਾ ਕਰਦਿਆਂ ਸਰਬੱਤ ਦਾ ਭਲਾ ਵੱਲੋਂ ਮੋਗਾ ਸ਼ਹਿਰ ਵਿੱਚ ਚੇਰੀਟੇਬਲ ਮੈਡੀਕਲ ਲੈਬ ਬਣ । ਇਹਨਾਂ ਸਮਾਜ ਸੇਵੀ ਕੰਮਾਂ ਨੇ ਜਿੱਥੇ ਸਮਾਜ ਦੇ ਲੋੜਵੰਦ ਤਬਕਿਆਂ ਨੂੰ ਭਾਰੀ ਰਾਹਤ ਪਹੁੰਚਾਈ ਹੈ, ਉਥੇ ਪੂਰੀ ਦੁਨੀਆ ਵਿੱਚ ਸਿੱਖਾਂ ਦਾ ਸਿਰ ਮਾਣ ਨਾਲ ਉਚਾ ਕੀਤਾ ਹੈ, ਕਿਉਂਕਿ ਉਹਨਾਂ ਦੁਆਰਾ ਕੀਤੇ ਜਾ ਰਹੇ ਕੰਮਾਂ ਦੀ ਦੁਨੀਆ ਤੇ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ । ਇਹਨਾ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਹਰਜਿੰਦਰ ਸਿੰਘ ਚੁਗਾਵਾਂ ਨੇ ਸਰਬੱਤ ਦਾ ਭਲਾ ਦਫਤਰ ਮੋਗਾ ਵਿਖੇ 135 ਵਿਧਵਾ ਔਰਤਾਂ ਅਤੇ ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨਾਂ ਦੇ ਚੈਕ ਵੰਡਣ ਮੌਕੇ ਕੀਤਾ । ਇਸ ਮੌਕੇ ਟਰੱਸਟ ਦੇ ਕੈਸ਼ੀਅਰ ਮਹਿੰਦਰ ਪਾਲ ਲੂੰਬਾ ਨੇ ਹਾਜਰ ਔਰਤਾਂ ਨੂੰ ਡੇਂਗੂ, ਚਿਕਨਗੁਨੀਆ ਆਦਿ ਮੱਛਰ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਪੈਦਾ ਹੋਣ ਵਾਲੇ ਕਾਰਨਾਂ, ਲੱਛਣਾਂ, ਬਚਾਓ ਅਤੇ ਇਲਾਜ਼ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹਨਾਂ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਸਭ ਨੂੰ ਆਪਣੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਟਰੱਸਟ ਦੇ ਜਨਰਲ ਸਕੱਤਰ ਦਵਿੰਦਰਜੀਤ ਸਿੰਘ ਗਿੱਲ, ਮੀਤ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਰਣਜੀਤ ਸਿੰਘ ਮਾੜੀ ਮੁਸਤਫਾ, ਗੁਰਸੇਵਕ ਸਿੰਘ ਸੰਨਿਆਸੀ, ਸੁਖਦੇਵ ਸਿੰਘ ਬਰਾੜ, ਦਰਸ਼ਨ ਸਿੰਘ ਲੋਪੋ, ਜਸਵੰਤ ਸਿੰਘ ਪੁਰਾਣੇਵਾਲਾ, ਮੈਡਮ ਸੁਖਵਿੰਦਰ ਕੌਰ, ਦਫਤਰ ਇੰਚਾਰਜ ਜਸਵੀਰ ਕੌਰ, ਮੈਡਮ ਰੀਤੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲਾਭਪਾਤਰੀ ਔਰਤਾਂ ਹਾਜਰ ਸਨ ।

# ਪੰਜਾਬ ਦੇ ਮੁੱਦਿਆਂ, ਮਸਲਿਆਂ ਨੂੰ ਚੋਣ ਮਨੋਰਥ ਪੱਤਰ 'ਚ ਸ਼ਾਮਲ ਨਾ ਕਰਨਾ ਨਿੰਦਣਯੋਗ : ਕਾਲਮ ਨਵੀਸ ਮੰਚ



ਫਗਵਾੜਾ, 12 ਮਈ (ਗਿਆਨ ਸਿੰਘ): ਪੰਜਾਬੀ ਕਾਲਮ ਨਵੀਸ ਪੱਤਰਕਾਰਾਂ ਦੀ ਸਿਰਮੌਰ ਸੰਸਥਾ ਪੰਜਾਬੀ ਕਾਲਮ ਨਵੀਸ ਮੰਚ ਨੇ ਪੰਜਾਬ ਵਿੱਚ ਪੰਜਾਬ ਦੇ ਲੋਕਾਂ ਵਲੋਂ ਲੋਕ ਸਭਾ ਚੋਣਾਂ ਦੌਰਾਨ ਉਮੀਦਵਾਰਾਂ ਅਤੇ ਸਿਆਸੀ ਲੋਕਾਂ ਤੋਂ ਸਵਾਲ ਪੁੱਛਣ ਦਾ ਜੋ ਸਿਲਸਿਲਾ ਸ਼ੁਰੂ ਹੋਇਆ ਹੈ, ਉਸ ਦੀ ਪੰਜਾਬੀ ਕਾਲਮ ਨਵੀਸ ਮੰਚ ਨੇ, ਇਸ ਨੂੰ ਲੋਕਾਂ ਦਾ ਜਮਹੂਰੀ ਅਧਿਕਾਰ ਮੰਨਦਿਆਂ, ਭਰਪੂਰ ਸ਼ਲਾਘਾ ਕੀਤੀ ਹੈ।


ਪੰਜਾਬੀ ਕਾਲਮ ਨਵੀਸ ਮੰਚ ਦੀ ਫਗਵਾੜਾ ਵਿੱਚ ਹੋਈ ਮੀਟਿੰਗ ਦੇ ਦੌਰਾਨ ਵਿਚਾਰਿਆ ਗਿਆ ਕਿ ਪੰਜਾਬੀ ਬੋਲੀ ਨੂੰ ਅਣਗੌਲਿਆਂ ਕਰਨਾ ਅਤੇ ਵਾਤਾਵਰਨ ਵਿਗਾੜ (ਹਵਾ ਤੇ ਪਾਣੀ) ਪੰਜਾਬ ਦੇ ਗੰਭੀਰ ਮਸਲੇ ਹਨ, ਪਰ ਇਹਨਾ ਪ੍ਰਤੀ ਸਿਆਸੀ ਲੋਕਾਂ ਦੀ ਉਦਾਸੀਨਤਾ ਵੇਖਣ ਨੂੰ ਮਿਲ ਰਹੀ ਹੈ , ਜਿਸ ਦੀ ਮੀਟਿੰਗ 'ਚ ਹਾਜ਼ਰ ਮੈਂਬਰਾਂ ਨੇ ਪਰਜ਼ੋਰ ਨਿੰਦਾ ਕੀਤੀ।

ਮੀਟਿੰਗ ਵਿੱਚ ਪੰਜਾਬ ਦੇ ਨੌਜਵਾਨਾਂ ਦੇ ਪੰਜਾਬ 'ਚੋਂ ਪ੍ਰਵਾਸ ਨੂੰ ਗੰਭੀਰ ਮੁੱਦਾ ਮੰਨਦਿਆਂ, ਨੋਟ ਕੀਤਾ ਗਿਆ ਕਿ ਕਿਸੇ ਵੀ ਸਿਆਸੀ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਹ ਮੁੱਦਾ ਨਹੀਂ ਉਠਾਇਆ ਅਤੇ ਨਾ ਹੀ ਨੌਜਵਾਨਾਂ ਦੇ ਰੁਜ਼ਗਾਰ ਲਈ ਕੋਈ ਠੋਸ ਨੀਤੀ ਬਣਾਈ ਹੈ। ਮੰਚ ਨੇ ਪੰਜਾਬ ਵਿੱਚ ਸਿਹਤ ਅਤੇ ਸਿੱਖਿਆ ਦੇ ਵਪਾਰੀਕਰਨ ਦੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਮੰਚ ਨੇ ਕਿਹਾ ਕਿ ਪੰਜਾਬੀਆਂ ਨੂੰ ਇਹਨਾ ਬੁਨਿਆਦੀ ਸਹੂਲਤਾਂ ਲਈ ਸਾਰੇ ਦੇਸ਼ ਨਾਲੋਂ ਵੱਧ ਪੈਸਾ ਖਰਚ ਕਰਨਾ ਪੈ ਰਿਹਾ ਹੈ। ਮੰਚ ਨੇ ਜਨਤਕ ਅਦਾਰਿਆਂ ਨੂੰ ਬਚਾਉਣ ਦੀ ਬਨਿਸਪਤ ਸਰਕਾਰ ਵਲੋਂ ਜਨਤਕ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਦੇਣ ਦੇ ਵਰਤਾਰੇ ਦੀ ਨਿੰਦਾ ਕੀਤੀ ਅਤੇ ਮੰਗ ਕੀਤੀ ਕਿ ਜਿਥੇ ਆਮ ਲੋਕਾਂ ਨੂੰ ਚੰਗੀਆਂ ਸਿੱਖਿਆ, ਸਿਹਤ ਸਹੂਲਤਾਂ ਮਿਲਣ, ਉਥੇ ਜਨਤਕ ਅਦਾਰਿਆਂ ਖਾਸ ਕਰਕੇ ਸਿਹਤ, ਸਿੱਖਿਆ ਦੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਰੋਕਿਆ ਜਾਵੇ।

ਪੰਜਾਬੀ ਕਾਲਮ ਨਵੀਸ ਮੰਚ ਨੇ ਪੰਜਾਬ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਦਿਨੋ-ਦਿਨ ਬਦਤਰ ਹੋ ਰਹੀ ਹਾਲਾਤ ਉਤੇ ਵੀ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਕਿਸੇ ਵੀ ਸਿਆਸੀ ਧਿਰ ਵਲੋਂ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਇਹਨਾ ਦੀ ਮੰਦੀ ਹਾਲਤ ਦਾ ਗੰਭੀਰਤਾ ਨਾਲ ਜ਼ਿਕਰ ਨਾ ਕਰਨ 'ਤੇ ਚਿੰਤਾ ਪ੍ਰਗਟਾਈ।

ਪ੍ਰਸਿੱਧ ਕਾਲਮ ਨਵੀਸ ਪੱਤਰਕਾਰ ਗੁਰਮੀਤ ਸਿੰਘ ਪਲਾਹੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਗੁਰਚਰਨ ਸਿੰਘ ਨੂਰਪੁਰ, ਡਾ: ਗਿਆਨ ਸਿੰਘ, ਡਾ: ਸ਼ਿਆਮ ਸੁੰਦਰ ਦੀਪਤੀ, ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ., ਐਡਵੋਕੇਟ ਐਸ.ਐਲ. ਵਿਰਦੀ, ਗੁਰਵਿੰਦਰ ਸਿੰਘ ਮਾਣਕ, ਰਵਿੰਦਰ ਚੋਟ, ਬਲਵਿੰਦਰ ਸਿੰਘ 'ਅਸੂਲ ਮੰਚ', ਹਰਵਿੰਦਰ ਸਿੰਘ ਸੈਣੀ, ਪ੍ਰੀਤਮ ਸਿੰਘ ਅਖਾੜਾ, ਪੱਤਰਕਾਰ ਅਸ਼ੋਕ ਸ਼ਰਮਾ, ਪਰਵਿੰਦਰਜੀਤ, ਅਮਨਦੀਪ, ਅਮਨ ਸ਼ਰਮਾ, ਦੀਦਾਰ ਸ਼ੇਤਰਾ, ਧਰਮਜੀਤ ਸਿੰਘ, ਆਦਿ ਕਾਲਮ ਨਵੀਸ ਪੱਤਰਕਾਰ ਸ਼ਾਮਲ ਹੋਏ। ਮੀਟਿੰਗ ਵਿੱਚ ਇਹ ਫੈਸਲਾ ਹੋਇਆ ਕਿ ਹਰ ਤਿਮਾਹੀ, ਜਨਰਲ ਮੀਟਿੰਗ ਪੰਜਾਬ ਦੇ ਵੱਖੋ-ਵੱਖਰੇ ਕੋਨਿਆਂ ਵਿੱਚ ਜਾ ਕੇ ਸਥਾਨਕ ਪੱਤਰਕਾਰਾਂ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਜਾਵੇ ਅਤੇ ਪੰਜਾਬ ਦੇ ਮੁੱਦੇ ਉਭਾਰੇ ਜਾਣ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਖਾਲਸਾ ਏਡ ਦੀ ਹਮਾਇਤ ਵਿੱਚ ਸਫਲ ਫੰਡ ਰੇਜ਼ਿੰਗ ਡਿਨਰ



















...ਪੰਨਾ 1 ਦਾ ਬਾਕੀ

ਇਕੱਤਰ ਹੋਏ ਦਾਨੀਆਂ ਨੂੰ ਸੰਬੋਧਨ ਕਰਦੇ ਹੋਏ ਖਾਲਸਾ ਏਡ ਦੇ ਮੁੱਖ ਕਾਰਜਕਾਰੀ ਅਫ਼ਸਰ ਰਵੀ ਸਿੰਘ ਨੇ ਕਿਹਾ ਕਿ ਕਿਸੇ ਵੀ ਮੁਹਿੰਮ ਦੇ ਸਫ਼ਲ ਹੋਣ ਤੋਂ ਪਹਿਲਾਂ ਉਸਨੂੰ ਦਿੱਕਤਾਂ ਦੇ ਦੌਰ ਵਿੱਚੋਂ ਗੁਜ਼ਰਨਾ ਪੈਂਦਾ ਹੈ ਜੋ ਖਾਲਸਾ ਏਡ ਦਾ ਵੀ ਅਨੁਭਵ ਰਿਹਾ। ਉਹਨਾਂ ਦੱਸਿਆ ਕਿ ਆਰੰਭਿਕ ਦੌਰ ਵਿੱਚ ਉਹਨਾਂ ਨੂੰ ਇੰਗਲੈਂਡ ਵਿੱਚ ਮੀਡੀਆ ਚੈਨਲਾਂ ਉੱਤੇ ਬੋਲਣ ਦਾ ਸਮਾਂ ਤੱਕ ਨਹੀਂ ਸੀ ਦਿੱਤਾ ਜਾਂਦਾ ਪਰ ਸਾਡਾ ਉਦੇਸ਼ ਸੇਵਾ ਕਰਨਾ ਸੀ ਜਿਸ ਕਾਰਣ ਰੱਬ ਦੀ ਮਿਹਰ ਨਾਲ ਇੱਕ ਤੋਂ ਬਾਅਦ ਇੱਕ ਕਰਕੇ ਸਫ਼ਲਤਾ ਮਿਲਦੀ ਚਲੀ ਗਈ।

ਵਰਨਣਯੋਗ ਹੈ ਕਿ ਖਾਲਸਾ ਏਡ ਦੀ ਸਥਾਪਨਾ ਰਵੀ ਸਿੰਘ ਵੱਲੋਂ ਖਾਲਸਾ ਸਾਜਨਾ ਦਿਵਸ ਦੇ 300 ਸਾਲਾ ਵਰ੍ਹੇ 1999 ਵਿੱਚ ਇੰਗਲੈਂਡ ਵਿੱਚ ਕੀਤੀ ਗਈ ਸੀ। ਇਸਦੇ ਕਾਰਜਾਂ ਦੀ ਸ਼ੁਰੂਆਤ ਕੋਸੋਵੋ ਤੋਂ ਕੀਤੀ ਗਈ। ਸਰਬੀਆ, ਨੌਰਥ ਮੈਸੇਡੋਨੀਆ, ਅਲਬਾਨੀਆ ਦੇ ਦਰਮਿਆਨ ਘਿਰਿਆ ਕੋਸੋਵੋ ਉਹ ਮੁਲਕ ਹੈ ਜਿਸਨੂੰ ਕੋਈ ਸਮੁੰਦਰੀ ਤੱਟ ਨਹੀਂ ਲੱਗਦਾ ਅਤੇ 1998 ਤੋਂ 1999 ਤੱਕ ਇਸ ਮੁਲਕ ਨੂੰ ਬੇਹੱਦ ਭਿਅੰਕਰ ਜੰਗ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਹਜ਼ਾਰਾਂ ਲੋਕੀ ਮਾਰੇ ਗਏ ਅਤੇ ਲੱਖਾਂ ਬੇਘਰ ਹੋਏ ਸਨ। ਸਮਾਂ ਪਾ ਕੇ ਖਾਲਸਾ ਏਡ ਵੱਲੋਂ ਯਮਨ ਸਿਵਲ ਵਾਰ ਦੇ ਪੀੜਤਾਂ (ਚੇਤੇ ਰਹੇ ਕਿ ਯਮਨ ਵਿੱਚ ਸਾਊਦੀ ਅਰਬੀਆ ਵੱਲੋਂ ਘੱਟ ਗਿਣਤੀ ਸ਼ੀਆ ਮੁਸਲਮਾਨਾਂ ਦਾ ਦਮਨ ਕੀਤਾ ਜਾਂਦਾ ਹੈ), ਸੀਰੀਆ ਵਿੱਚ ਆਈਸਿਸ ਤੋਂ ਸਤਾਏ ਲੋਕਾਂ, ਮਿਆਂਮਾਰ, ਬਰਮਾ ਵਿੱਚ ਰੋਹੰਜੀਆ ਮੁਸਲਮਾਨਾਂ, ਨੇਪਾਲ ਵਿੱਚ ਭੂਚਾਲ ਪੀੜਤਾਂ, ਭਾਰਤ ਦੇ ਸੂਬਿਆਂ ਕੇਰਲਾ, ਜੰਮੂ ਕਸ਼ਮੀਰ ਵਿੱਚ ਹੜ ਪੀੜਤਾਂ, ਇੰਡੋਨੇਸ਼ੀਆ ਵਿੱਚ ਸੁਨਾਮੀ ਪੀੜਤਾਂ ਲਈ ਰਾਹਤ ਕਾਰਜ ਕਰਨ ਤੋਂ ਇਲਾਵਾ ਅਨੇਕਾਂ ਹੋਰ ਮੁਲਕਾਂ ਵਿੱਚ ਸਿੱਖ ਧਰਮ ਦੇ 'ਸਰਬੱਤ ਦੇ ਭਲੇ' ਦੇ ਸਿਧਾਂਤ ਤਹਿਤ ਲਗਾਤਾਰ ਸੇਵਾ ਕੀਤੀ ਜਾਂ ਰਹੀ ਹੈ।

ਰਵੀ ਸਿੰਘ ਨੇ ਆਪਣੀ ਤਕਰੀਰ ਵਿੱਚ ਇਸ ਗੱਲ ਉੱਤੇ ਖਾਸ ਕਰਕੇ ਜੋਰ ਦਿੱਤਾ ਕਿ ਇੱਕਤਰ ਹੋਏ ਫੰਡਾਂ ਦੇ ਇਸਤੇਮਾਲ ਵਿੱਚ ਸਪੱਸ਼ਟਤਾ ਰੱਖੀ ਜਾਣੀ ਬਹੁਤ ਜਰੂਰੀ ਹੈ ਜਿਸ ਕਾਰਣ ਖਾਲਸਾ ਏਡ ਬਹੁਤ ਜਲਦ 100% ਕੈਸ਼ਲੈਸ ਹੋ ਜਾਵੇਗੀ, ਭਾਵ ਇਸ ਸੰਸਥਾ ਨੂੰ ਦਿੱਤਾ ਜਾਣ ਵਾਲਾ ਸਾਰਾ ਦਾਨ-ਪਾਤਰ ਇੰਟਰਨੈੱਟ ਸਹੂਲਤ ਰਾਹੀਂ ਦੇਣਾ ਸੰਭਵ ਹੋ ਜਾਵੇਗਾ। ਉਹਨਾਂ ਕਿਹਾ ਕਿ ਜੇ ਕਿਸੇ ਵੀ ਦਾਨੀ ਨੂੰ ਕੋਈ ਵੀ ਸੁਆਲ ਹੋਵੇ ਤਾਂ ਉਸ ਨਾਲ ਸਿੱਧਾ ਫੋਨ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ। ਰਵੀ ਸਿੰਘ ਨੇ ਕਿਹਾ ਕਿ ਸੇਵਾ ਦੇ ਸੰਕਪਲ ਨੂੰ ਦ੍ਰਿੜ ਕਰਨ ਵਾਸਤੇ ਸਾਨੂੰ ਖੁਦ ਦੀ ਸੋਚ ਬਦਲਣ ਦੀ ਲੋੜ ਹੈ ਨਾ ਕਿ ਦੁਨੀਆ ਨੂੰ ਬਦਲਣ ਦੀ।

ਸੌੜੀ ਸੋਚ ਨੂੰ ਨਕਾਰਦੇ ਹੋਏ ਰਵੀ ਸਿੰਘ ਨੇ ਕਿਹਾ ਕਿ ਸਾਨੂੰ ਨਫ਼ਰਤ ਫੈਲਾਉਣ ਦੇ ਕੰਮ ਤੋਂ ਦੂਰ ਰਹਿਣਾ ਚਾਹੀਦਾ ਹੈ ਸਗੋਂ ਹਰ ਮਨੁੱਖ ਨੂੰ ਸਵੀਕਾਰਤਾ ਭਰੇ ਢੰਗ ਨਾਲ ਪਰੇਮ ਕਰਨਾ ਚਾਹੀਦਾ ਹੈ। ਖੁਦ ਦੀ ਮਿਸਾਲ ਦੇਂਦੇ ਹੋਏ ਰਵੀ ਸਿੰਘ ਨੇ ਦੱਸਿਆ ਕਿ ਜਦੋਂ ਉਹ 2003 ਵਿੱਚ ਸੋਮਾਲੀਆ ਗਿਆ ਤਾਂ ਉਸਦੇ ਮੇਜ਼ਬਾਨ ਦੀ ਮਾਂ ਨੇ ਧਰਵਾਸ ਦੇਂਦੇ ਹੋਏ ਉਸਨੂੰ ਕਿਹਾ ਸੀ ਕਿ ਤੂੰ ਆਪਣੀ ਮਾਂ ਪਿੱਛੇ ਛੱਡ ਕੇ ਸਾਡੇ ਮੁਲਕ ਸੇਵਾ ਕਰਨ ਆਇਆ ਹੈਂ, ਇਸ ਵਾਸਤੇ ਇਥੇ ਮੈਂ ਤੇਰੀ ਮਾਂ ਹਾਂ। ਰਵੀ ਸਿੰਘ ਦੀ ਮੁਰਾਦ ਸੀ ਕਿ ਰੱਬ ਦਾ ਬਣਾਇਆ ਹਰ ਜੀਅ ਚੰਗਾ ਹੈ ਬੱਸ ਸਾਨੂੰ ਆਪਣੀ ਸੋਚ ਚੰਗੀ ਬਣਾਉਣ ਦੀ ਲੋੜ ਹੈ।

ਖਾਲਸਾ ਏਡ ਦੇ ਵਿਕਾਸ ਦੀ ਗੱਲ ਕਰਦੇ ਹੋਏ ਰਵੀ ਸਿੰਘ ਨੇ ਕਿਹਾ ਕਿ ਇਹ ਸਾਰਾ ਕੁੱਝ ਸੰਗਤ ਦੇ ਸਹਿਯੋਗ ਨਾਲ ਸੰਭਵ ਹੋਇਆ ਹੈ। ਉਹਨਾਂ ਗੁਰਦੁਆਰਿਆਂ ਵਿੱਚ ਹੁੰਦੇ ਝਗੜਿਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੀ ਤਾਕਤ ਨੂੰ ਹਾਂ-ਪੱਖੀ ਕਾਰਜਾਂ ਵਿੱਚ ਲਾਉਣ ਦੀ ਲੋੜ ਹੈ। ਉਸਨੇ ਇੱਕਤਰ ਦਾਨੀਆਂ ਨੂੰ ਸਿੱਖ ਧਰਮ ਦੇ ਮਹਾਨ ਸੇਵਾ-ਕਰਤਾ ਭਾਈ ਘੱਨਈਆ ਜੀ ਦੇ ਜੀਵਨ ਤੋਂ ਸਬਕ ਲੈਣ ਦੀ ਲੋੜ ਉੱਤੇ ਜ਼ੋਰ ਦਿੱਤਾ। ਸਰਬੱਤ ਦੇ ਭਲੇ ਦੇ ਸੰਕਲਪ ਨੂੰ ਵਾਰ 2 ਦੁਹਰਾਉਂਦੇ ਹੋਏ ਰਵੀ ਸਿੰਘ ਦੁਆਰਾ ਆਪਣੀ ਤਕਰੀਰ ਵਿੱਚ ਕਿਸੇ ਵਿਸ਼ੇਸ਼ ਸਥਾਨ, ਵਿਅਕਤੀ ਜਾਂ ਮੁਲਕ ਦਾ ਨਾਮ ਲਏ ਬਗੈਰ ਇੱਕ ਖਾਸ ਕਿਸਮ ਦੀ ਰੰਜਸ਼ ਭਰੀ ਸੁਰ ਵੀ ਰੱਖੀ ਗਈ।

ਇਸ ਚੈਰਟੀ ਦਾ ਸਮਰੱਥਨ ਕਰਨ ਦਾ ਦਾਨੀਆ ਵਿੱਚ ਅਜਿਹਾ ਜਜ਼ਬਾ ਸੀ ਕਿ ਇੱਕ ਅਨੁਮਾਨ ਮੁਤਾਬਕ ਇਸ ਡਿਨਰ ਵਿੱਚ ਡੇਢ ਲੱਖ ਡਾਲਰ ਦੇ ਕਰੀਬ ਦਾਨ ਇੱਕਤਰ ਹੋਇਆ ਹੈ ਪਰ ਅਸਲ ਰਾਸ਼ੀ ਦਾ ਆਉਣ ਵਾਲੇ ਦਿਨਾਂ ਵਿੱਚ ਪਤਾ ਲੱਗ ਸਕੇਗਾ। ਖਾਲਸਾ ਏਡ ਦੇ ਭਾਰਤ ਵਿੱਚ ਜੰਮੂ ਵਿੱਚੋਂ ਆਏ ਸੇਵਾ-ਕਰਮੀ ਅਮਰਜੀਤ ਸਿੰਘ ਨੇ ਭਾਰਤ ਅਤੇ ਬੰਗਲਾਦੇਸ਼ ਆਦਿ ਮੁਲਕਾਂ ਵਿੱਚ ਕੰਮ ਕਰਨ ਦੇ ਆਪਣੇ ਅਨੁਭਵ ਸਾਂਝੇ ਕੀਤੇ।

ਇਸ ਫੰਡ ਰੇਜ਼ਿੰਗ ਡਿਨਰ ਦੌਰਾਨ ਮਨ-ਪਰਚਾਵੇ ਦੀਆਂ ਕਈ ਆਈਟਮਾਂ ਸਨ ਜੋ ਰਿਵਾਇਤੀ ਸਿੱਖੀ ਪ੍ਰੰਪਰਾ ਦੀਆਂ ਤਰਜਮਾਨੀ ਕਰਦੀਆਂ ਸਨ। ਇਹਨਾਂ ਵਿੱਚ ਗੱਤਕਾ, ਨਗਾਰਾ, ਪੁਰਾਣੇ ਤੰਤੀ ਸਾਜ਼ਾਂ ਦੀ ਪੇਸ਼ਕਾਰੀ ਸ਼ਾਮਲ ਸੀ ਜੋ ਕੈਨੇਡੀਅਨ ਜੰਮਪਲ ਸਿੱਖ ਬੱਚਿਆਂ ਨੇ ਬਾਖੂਬੀ ਨਿਭਾਈ। ਇਸ ਸਮਾਗਮ ਦੀ ਇੱਕ ਖੂਬੀ ਇਹ ਵੀ ਰਹੀ ਕਿ ਵੱਡੀ ਗਿਣਤੀ ਵਿੱਚ ਦਾਨੀ ਨਿੱਜੀ ਫੋਨ ਕਾਲਾਂ ਜਾਂ ਇੱਕ ਦੂਜੇ ਦੀ ਦੱਸ ਉੱਤੇ ਹੀ ਆ ਹਾਜ਼ਰ ਹੋਏ। ਸਮੁੱਚਾ ਸਮਾਗਮ ਨਿਰੋਲ ਸੇਵਾ ਦੇ ਸੰਕਲਪ ਨੂੰ ਸਮ੍ਰਪਿਤ ਰਿਹਾ ਜਿਸ ਵਿੱਚ ਕਿਸੇ ਕਿਸਮ ਦੀ ਕੋਈ ਸਿਆਸੀ ਤਕਰੀਰ ਜਾਂ ਹੋਰ ਸੁਨੇਹਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਇਸ ਪ੍ਰੋਗਰਾਮ ਨੂੰ ਸਫਲ ਕਰਨ 'ਚ ਨੈਸ਼ਨਲ ਕੁਆਰਡੀਨੇਟਰ ਜਤਿੰਦਰ ਸਿੰਘ, ਓਂਟਾਰੀਓ ਕੁਆਰਡੀਨੇਟਰ ਗੁਰਚਰਨ ਸਿੰਘ, ਕੁਲਵਿੰਦਰ ਸਿੰਘ ਪੱਤੜ, ਗੁਰਪ੍ਰਤਾਪ ਸਿੰਘ ਤੂਰ, ਪਰਮਿੰਦਰ ਸਿੰਘ ਤੇ ਜਸਮੇਲ ਚੱਗਰ ਨੇ ਅਹਿਮ ਭੂਮਿਕਾ ਨਿਭਾਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇਂਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1PM TO 2PM
HOST:
Harjinder Singh Gill
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਇਕ ਦਿਨ ਮੋਬਾਈਲ ਫੋਨ ਤੋਂ ਬਗੈਰ..

-ਅਵਤਾਰ ਸਿੰਘ ਸੌਜਾ



ਹੋਇਆ ਇਉਂ ਕਿ ਇਕ ਦਿਨ ਦਫਤਰ ਕੰਮ 'ਤੇ ਜਾਂਦੇ ਹੋਏ ਕਾਹਲੀ-ਕਾਹਲੀ ਮੋਬਾਈਲ ਫੋਨ ਘਰ ਰਹਿ ਗਿਆ। ਅੱਧੇ ਰਸਤੇ ਵਿੱਚ ਜਾ ਕੇ ਯਾਦ ਆਇਆ, ਪਰ ਕੰਮ 'ਤੇ ਲੇਟ ਹੋ ਜਾਣ ਦੇ ਡਰੋਂ ਘਰ ਮੁੜ ਕੇ ਫੋਨ ਚੁੱਕਣ ਦੀ ਹਿੰਮਤ ਨਾ ਹੋਈ। ਚੁੱਪ ਚਾਪ ਮਨ ਮਾਰ ਕੇ ਦਫਤਰ ਜਾਣ ਦਾ ਸੋਚਿਆ। ਉਂਜ ਅੱਜ ਰਸਤੇ ਦਾ ਸਫਰ ਬਿਲਕੁਲ ਨਿਆਰਾ ਜਿਹਾ ਲੱਗ ਰਿਹਾ ਸੀ। ਜਾਂਦੇ-ਜਾਂਦੇ ਦੇਖਿਆ, ਸੜਕ ਦੇ ਨਾਲ-ਨਾਲ ਕਿੰਨੀਆਂ ਨਵੀਆਂ ਉਸਾਰੀਆਂ ਹੋ ਗਈਆਂ ਸਨ, ਸੜਕ ਕਿਨਾਰੇ ਖੜੇ ਹੁੰਦੇ ਦਰੱਖਤ ਵੱਢੇ ਜਾ ਚੁੱਕੇ ਸਨ ਤੇ ਇਹ ਸੜਕ ਕਿੰਨੀ ਟੁੱਟ ਚੁੱਕੀ ਸੀ। ਸਭ ਕੁਝ ਨਿਵੇਕਲਾ ਜਿਹਾ ਲੱਗ ਰਿਹਾ ਸੀ, ਪਹਿਲਾਂ ਰੋਜ਼ ਗਾਣੇ ਸੁਣਨ ਲਈ ਮੋਬਾਈਲ ਦੇ ਈਅਰ ਫੋਨ ਕੰਨਾਂ 'ਚ ਲੱਗੇ ਹੋਣ ਕਰਕੇ ਉਨ੍ਹਾਂ ਵਿੱਚ ਹੀ ਮਸਤ ਹੋਇਆ ਰਹਿੰਦਾ ਸੀ। ਇਨ੍ਹਾਂ ਗੱਲਾਂ ਵੱਲ ਕਦੇ ਧਿਆਨ ਹੀ ਨਹੀਂ ਸੀ ਗਿਆ।

ਦਫਤਰ ਪਹੁੰਚ ਗਿਆ ਤਾਂ ਹੱਥ ਕਈ ਵਾਰ ਮੱਲੋ ਮੱਲੀ ਜੇਬ ਵਿੱਚ ਚਲਾ ਜਾਂਦਾ, ਮੋਬਾਈਲ ਕੱਢਣ ਲਈ, ਪਰ ਫਿਰ ਚੇਤਾ ਆਉਂਦਾ ਕਿ ਫੋਨ ਅੱਜ ਘਰ ਭੁੱਲ ਗਿਆ ਸੀ। ਅਜੀਬ ਜਿਹੀ ਬੈਚੇਨੀ ਸੀ ਮਨ ਅੰਦਰ, ਜਿਹੜੀ ਵਾਰ-ਵਾਰ ਬਿਰਤੀ ਭੰਗ ਕਰੀ ਜਾਂਦੀ ਸੀ। ਲੱਗਦਾ ਸੀ ਕਿ ਸਰੀਰ ਦਾ ਕੋਈ ਅੰਗ ਕੋਈ ਕੱਢ ਕੇ ਲੈ ਗਿਆ ਹੋਵੇ। ਮੇਜ਼ 'ਤੇ ਪਈਆਂ ਦਫਤਰੀ ਫਾਈਲਾਂ ਦਾ ਕੰਮ ਨਿਬੇੜਨਾ ਸ਼ੁਰੂ ਕੀਤਾ। ਥੋੜ੍ਹੀ ਦੇਰ ਬਾਅਦ ਸੇਵਾਦਾਰ ਆਂਟੀ ਚਾਹ ਦੇਣ ਆਈ ਤਾਂ ਮੇਰੇ ਚਿਹਰੇ ਵੱਲ ਦੇਖ ਕੇ ਕਹਿਣ ਲੱਗੀ, 'ਬਾਬੂ ਜੀ, ਅੱਜ ਤਬੀਅਤ ਠੀਕ ਨਹੀਂ ਲੱਗਦੀ ਤੁਹਾਡੀ?'

ਮੈਂ ਪੁੱਛਿਆ, 'ਕਿਉਂ? ਕੀ ਹੋਇਆ ਜੀ ਅੱਜ?'

ਕਹਿਣ ਲੱਗੀ, 'ਅੱਗੇ ਤੁਸੀਂ ਰੋਜ਼ ਸਵੇਰੇ ਬਹੁਤ ਟੈਨਸ਼ਨ ਵਿੱਚ ਗੱਲਾਂ ਕਰਦੇ ਹੁੰਨੇ ਓ, ਕਈ ਵਾਰ ਆਪਣੇ ਆਪ ਇਕੱਲੇ ਬੋਲੀ ਜਾਂਦੇ ਰਹਿੰਨੇ ਓ, ਅੱਜ ਬਹੁਤ ਢਿੱਲੇ ਜਿਹੇ ਲੱਗ ਰਹੇ ਓ।'

ਮੈਂ ਥੋੜ੍ਹਾ ਹੱਸਦੇ ਹੋਏ ਕਿਹਾ, 'ਓਹ ਹੋ, ਟੈਨਸ਼ਨ ਵਾਲਾ ਯੰਤਰ ਅੱਜ ਘਰ ਹੀ ਭੁੱਲ ਆਇਆ ਹਾਂ।'

ਉਂਜ ਸਰੀਰ ਅੱਜ ਰੋਜ਼ ਨਾਲੋਂ ਕੁਝ ਹਲਕਾ ਜਿਹਾ ਜ਼ਰੂਰ ਲੱਗਣ ਲੱਗ ਪਿਆ ਸੀ। ਪਹਿਲਾਂ ਰੋਜ਼ ਸਵੇਰ ਤੋਂ ਦੁਨੀਆ ਭਰ ਦੀਆਂ ਸਮੱਸਿਆਵਾਂ, ਖਰੀਦ-ਓ-ਫਰੋਖਤ ਵਾਲੀਆਂ ਕੰਪਨੀਆਂ ਦੀਆਂ ਫਾਲਤੂ ਕਾਲਾਂ, ਸਕੇ ਸਬੰਧੀਆਂ ਦੇ ਬੇਮਤਲਬ ਹਾਲ ਚਾਲ ਪੁੱਛਣ ਵਾਲੇ ਫੋਨ ਦੁਪਹਿਰ ਹੁੰਦਿਆਂ ਤੱਕ ਸਿਰ ਦੁਖਣ ਲਾ ਦਿੰਦੇ ਸੀ। ਕੰਮ ਕਰਦਿਆਂ ਥੋੜ੍ਹਾ ਆਰਾਮ ਕਰਨ ਲਈ ਰੁਕਿਆ, ਦਫਤਰ ਦੇ ਚਾਰੇ ਪਾਸੇ ਨਿਗ੍ਹਾ ਘੁਮਾਈ। ਅੱਜ ਦਫਤਰ ਵੀ ਵੱਖਰੀ ਜਿਹੀ ਥਾਂ ਜਾਂਪੀ। ਸੋਹਣੀਆਂ-ਸੋਹਣੀਆਂ ਤਸਵੀਰਾਂ, ਸੁੰਦਰ ਬਣੇ ਡਿਜ਼ਾਈਨ ਦੇਖੇ, ਜਿਨ੍ਹਾਂ ਵੱਲ ਕਦੇ ਧਿਆਨ ਨਹੀਂ ਗਿਆ ਸੀ। ਦੁਪਹਿਰ ਨੂੰ ਖਾਣੇ ਦਾ ਸਮਾਂ ਹੋਇਆ। ਪਹਿਲਾਂ ਸਾਰੇ ਸਾਥੀ ਖਾਣਾ ਇਕੱਠੇ ਬੈਠ ਕੇ ਜ਼ਰੂਰ ਖਾਂਦੇ ਸੀ, ਪਰ ਆਪਸ ਵਿੱਚ ਬੋਲਦਾ ਕੋਈ ਘੱਟ ਵੱਧ ਸੀ। ਹਰ ਇਕ ਨੇ ਕੰਨ ਨਾਲ ਮੋਬਾਈਲ ਲਾਇਆ ਹੁੰਦਾ ਸੀ, ਬੱਸ ਇਸ਼ਾਰਿਆਂ ਨਾਲ ਇਕ ਦੂਜੇ ਨਾਲ ਦਾਲ ਸਬਜ਼ੀ ਵੰਡ ਲੈਂਦੇ ਸੀ, ਪਰ ਅੱਜ ਪੂਰੀ ਵਿਹਲ ਸੀ। ਅੱਜ ਖਾਣੇ ਦਾ ਸੁਆਦ ਅਲੱਗ ਲੱਗ ਰਿਹਾ ਸੀ। ਖਾਣਾ ਖਾ ਕੇ ਬਾਹਰ ਪਾਰਕ ਵਿੱਚ ਜਾ ਬੈਠਿਆ। ਪਾਰਕ ਤਾਂ ਉਹੀ ਸੀ, ਜਿਥੇ ਰੋਜ਼ ਬੈਠ ਕੇ ਮੋਬਾਈਲ 'ਤੇ ਗੇਮ ਖੇਡਦਾ ਰਹਿੰਦਾ ਸੀ, ਅੱਜ ਆਲੇ ਦੁਆਲੇ ਝਾਤੀ ਮਾਰੀ ਤਾਂ ਦੇਖਿਆ ਕਿ ਹਰਾ-ਹਰਾ ਘਾਹ ਅੱਖਾਂ ਨੂੰ ਕਿੰਨੀ ਤਾਜ਼ਗੀ ਬਖਸ਼ ਰਿਹਾ ਸੀ। ਕਿੰਨੇ ਸੋਹਣੇ-ਸੋਹਣੇ ਫੁੱਲ ਖਿੜੇ ਹੋਏ ਸਨ, ਜਿਨ੍ਹਾਂ ਦੀ ਮਹਿਕ ਕਿਸੇ ਮਹਿੰਗੇ ਬਰਾਂਡ ਦੇ ਇਤਰ ਨਾਲੋਂ ਵਧੀਆ ਹੋਵੇਗੀ। ਪੰਛੀ ਦਰੱਖਤਾਂ ਉਤੇ ਇਕ ਦੂਜੇ ਨਾਲ ਖੇਡਦੇ ਜਾਪਦੇ ਸਨ। ਮਨ ਹੀ ਮਨ ਸੋਚਿਆ ਕਾਸ਼! ਮੈਂ ਵੀ ਇਨ੍ਹਾਂ ਵਾਂਗ ਪੰਛੀ ਹੁੰਦਾ, ਪੈਸੇ ਦੀ ਭੱਜ ਨੱਠ ਤੋਂ ਪਰ੍ਹੇ। ਕੁਦਰਤ ਦਾ ਸਾਜਿਆ ਤੇ ਸਜਾਇਆ ਇਹ ਦ੍ਰਿਸ਼ ਦੇਖ ਕੇ ਸਰੀਰ ਵਿੱਚ ਤਾਜ਼ਗੀ ਜਿਹੀ ਭਰਦੀ ਜਾਪੀ।

ਦਫਤਰ ਦਾ ਆਪਣਾ ਰਹਿੰਦਾ ਕੰਮ ਨਿਬੇੜ ਕੇ ਸ਼ਾਮ ਨੂੰ ਘਰ ਪਰਤਿਆ। ਥੋੜ੍ਹੀ ਦੇਰ ਬਾਅਦ ਬੇਚੈਨੀ ਜਿਹੀ ਹੋਈ ਅਤੇ ਫਟਾਫਟ ਮੋਬਾਈਲ ਫੋਨ ਲੱਭਣ ਲੱਗਿਆ। ਫੋਨ ਚੁੱਕਿਆ, ਦੇਖਿਆ, ਕਿੰਨੀਆਂ ਮਿਸਡ ਕਾਲਜ਼ ਅਤੇ ਮੈਸੇਜ਼ ਆ ਚੁੱਕੇ ਸਨ। ਉਹੀ ਸਿਲਸਿਲਾ ਫਿਰ ਸ਼ੁਰੂ ਹੋ ਗਿਆ। ਸਵੇਰ ਵਾਲੀ ਚੁਸਤੀ ਫੁਰਤੀ ਕਿਧਰੇ ਉਡ ਪੁੱਡ ਗਈ। ਲੱਗਿਆ ਜਿਵੇਂ ਇਸ ਯੰਤਰ ਨੇ ਮੈਨੂੰ ਆਪਣੀ ਦੁਨੀਆ ਵਿੱਚ ਦੁਬਾਰਾ ਖਿੱਚ ਲਿਆ ਹੋਵੇ ਤੇ ਮੈਂ ਵੀ ਬਿਨਾਂ ਕਿਸੇ ਹੀਲ ਹੁੱਜਤ ਦੇ ਜਿਵੇਂ ਪੰਜਾਲੀ ਹੇਠ ਜੁਪ ਗਿਆ ਹੋਵਾਂ।

## ਹਲਕਾ ਫੁਲਕਾ

ਬਬਲੂ ਦੀ ਪਤਨੀ ਦਾ 48ਵਾਂ ਜਨਮ ਦਿਨ ਸੀ, ਪਰ ਉਹ ਕਾਰੋਬਾਰ ਦੇ ਸਿਲਸਿਲੇ 'ਚ ਸ਼ਹਿਰ ਤੋਂ ਬਾਹਰ ਸੀ। ਉਸ ਨੇ ਪਤਨੀ ਨੂੰ ਭੇਜਣ ਲਈ ਗੁਲਾਬ ਦੇ 30 ਫੁੱਲ ਆਰਡਰ ਕੀਤੇ।

ਫੁੱਲਾਂ ਨਾਲ ਉਸ ਨੇ ਲਿਖਵਾਇਆ-''ਡੀਅਰ, ਮੈਂ ਤੇਰੇ ਲਈ ਓਨੇ ਫੁੱਲ ਭੇਜ ਰਿਹਾ ਹਾਂ, ਜਿੰਨੇ ਕੁ ਸਾਲਾਂ ਦੀ ਤੂੰ ਲੱਗਦੀ ਏਂ।''

ਉਧਰ ਫੁੱਲਾਂ ਵਾਲੇ ਕੋਲ ਸਕੀਮ ਸੀ: 'ਇੱਕ ਫੁੱਲ ਨਾਲ ਇੱਕ ਫਰੀ।' ਉਸ ਦੇ ਦੁੱਗਣੇ ਕਰ ਦਿੱਤੇ।

ਬਬਲੂ ਅੱਜ ਤੱਕ ਨਹੀਂ ਸਮਝ ਸਕਿਆ ਕਿ ਉਸ ਦਾ ਤਲਾਕ ਕਿਉਂ ਹੋਇਆ?''

*********

ਵਿਆਹ ਤੋਂ ਦੋ ਦਿਨ ਬਾਅਦ ਲਾੜਾ ਉਸ ਬਿਊਟੀ ਪਾਰਲਰ 'ਵਿੱ ਗਿਆ, ਜਿੱਥੋਂ ਉਸ ਦੀ ਪਤਨੀ ਨੇ ਵਿਆਹ ਤੋਂ ਪਹਿਲਾਂ ਮੇਕਅਪ ਕਰਵਾਇਆ ਸੀ।

ਉਸ ਨੇ ਪਾਰਲਰ ਵਾਲੀ ਮੈਡਮ ਨੂੰ ਇੱਕ ਆਈ ਫੋਨ-7 ਗਿਫਟ ਕੀਤਾ, ਥੈਂਕ ਯੂ ਕਿਹਾ ਅਤੇ ਚਲਾ ਗਿਆ।

ਮੈਡਮ ਨੇ ਖੁਸ਼ੀ-ਖੁਸ਼ੀ ਆਈ ਫੋਨ-7 ਦਾ ਡੱਬਾ ਖੋਲ੍ਹਿਆ ਤਾਂ ਉਸ ਵਿੱਚ ਨੋਕੀਆ-1100 ਦਾ ਪੁਰਾਣਾ ਮੋਬਾਈਲ ਸੈੱਟ ਪਿਆ ਸੀ। ਨਾਲ ਇੱਕ ਪਰਚੀ ਰੱਖੀ ਸੀ, ਜਿਸ 'ਤੇ ਲਿਖਿਆ ਸੀ-''ਮੇਕਅਪ ਉਤਰਨ ਤੋਂ ਬਾਅਦ ਮੈਨੂੰ ਵੀ ਇੰਝ ਹੀ ਝਟਕਾ ਲੱਗਾ ਸੀ।''

*********

ਪ੍ਰਿੰਸ, ''ਸਰ, ਲੋਕ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੀ ਗੱਲ ਕਰਦੇ ਹਨ, ਮੈਥਸ ਵਿੱਚ ਕਿਉਂ ਨਹੀਂ?''

ਅਧਿਆਪਕ, ''ਜ਼ਿਆਦਾ 3-5 ਨਾ ਕਰ, 9-2-11 ਹੋ ਜਾ, ਨਹੀਂ ਤਾਂ 5-7 ਖਿੱਚ ਕੇ ਮਾਰਾਂਗਾ, 6 ਦੇ 36 ਨਜ਼ਰ ਆਉਣਗੇ ਅਤੇ 32 ਦੇ 32 ਦੰ ਬਾਹਰ ਆ ਜਾਣਗੇ।''

ਪ੍ਰਿੰਸ, ''ਬੱਸ ਸਰ, ਹਿੰਦੀ ਤੇ ਅੰਗਰੇਜ਼ੀ ਹੀ ਠੀਕ ਹੈ। ਮੈਥਸ ਵਾਕਈ ਭਿਆਨਕ ਵਿਸ਼ਾ ਹੈ।''


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਫਨੀ ਤੂਫਾਨ ਤੋਂ ਸਮਝੋ 70 ਸਾਲਾਂ ਵਿੱਚ ਕੀ ਹੋਇਆ

-ਐਨ ਕੇ ਸਿੰਘ-





ਫਨੀ ਤੂਫਾਨ, ਜਿਸ ਦੀ ਰਫਤਾਰ 225 ਕਿਲੋਮੀਟਰ ਪ੍ਰਤੀ ਘੰਟੇ ਤੋਂ ਜ਼ਿਆਦਾ ਸੀ, ਪਿਛਲੇ ਕਈ ਦਹਾਕਿਆਂ 'ਚ ਸਭ ਤੋਂ ਤਾਕਤਵਰ ਤੂਫਾਨ ਸੀ, ਪਰ ਸਿਰਫ 29 ਮੌਤਾਂ ਹੋਈਆਂ। ਮੌਸਮ ਵਿਭਾਗ ਦੀ ਅਗਾਊਂ ਸੂਚਨਾ ਕਰ ਕੇ ਪੰਜ ਦਿਨ ਪਹਿਲਾਂ ਤੋਂ ਜ਼ੀਰੋ-ਕੈਜ਼ੂਐਲਿਟੀ ਮਿਸ਼ਨ ਸ਼ੁਰੂ ਕੀਤਾ ਗਿਆ। ਇਸ ਨਾਲ ਇੱਕ ਕਰੋੜ 18 ਲੱਖ ਲੋਕਾਂ ਨੂੰ ਮੋਬਾਈਲ ਫੋਨ ਤੋਂ ਚੌਕਸ ਕੀਤਾ ਗਿਆ ਅਤੇ 11.60 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ।

ਸੰਨ 1999 ਵਿੱਚ ਇਸ ਤੋਂ ਘੱਟ ਰਫਤਾਰ ਅਤੇ ਭਿਆਨਕਤਾ ਵਾਲਾ ਸੁਪਰ-ਸਾਈਕਲੋਨ ਸਿਰਫ ਉੜੀਸਾ ਵਿੱਚ 15000 ਜਾਨਾਂ ਲੈ ਗਿਆ ਸੀ। 11 ਨਵੰਬਰ 1970 ਨੂੰ ਪੂਰਬੀ ਪਾਕਿਸਤਾਨ (ਉਦੋਂ ਪਾਕਿਸਤਾਨ ਦਾ ਹਿੱਸਾ ਅਤੇ ਅੱਜ ਬੰਗਲਾ ਦੇਸ਼) ਵਿੱਚ ਤਿੰਨ ਤੋਂ ਪੰਜ ਲੱਖ ਲੋਕ 'ਭੋਲਾ' ਨਾਮੀ ਤੂਫਾਨ ਵਿੱਚ ਮਾਰੇ ਗਏ ਸਨ ਅਤੇ ਉਹ ਵੀ ਸੁੱਤੇ ਪਏ। ਪਾਕਿ ਸਰਕਾਰ ਨੇ 12 ਨਵੰਬਰ ਨੂੰ ਚਿਤਾਵਨੀ ਭੇਜੀ, ਪਰ ਉਦੋਂ ਤੱਕ ਨੁਕਸਾਨ ਹੋ ਚੁੱਕਾ ਸੀ। ਇੱਕ 5500 ਟਨ ਦਾ ਭਾਰਤੀ ਮਾਲ ਢੋਣ ਵਾਲਾ ਬੇੜਾ 'ਮਹਾਜਗਮਿਤਰ' ਅਜੇ ਕੋਲਕਾਤਾ ਬੰਦਰਗਾਹ ਤੋਂ ਨਿਕਲਿਆ ਸੀ ਕਿ ਇਸ ਤੂਫਾਨ 'ਚ ਫਸ ਗਿਆ ਅਤੇ ਸਾਰੇ ਬਚਾਅ ਸੰਦੇਸ਼ਾਂ ਦੇ ਬਾਵਜੂਦ ਜਹਾਜ਼ 'ਤੇ ਸਵਾਰ 50 ਵਿਅਕਤੀ ਪਾਣੀ ਵਿੱਚ ਡੁੱਬ ਗਏ। ਇਸ ਦੀ ਵਜ੍ਹਾ ਇਹ ਸੀ ਕਿ ਸਮੇਂ ਸਿਰ ਸੂਚਨਾ ਨਹੀਂ ਦਿੱਤੀ ਗਈ।

ਇਨ੍ਹਾਂ ਚੋਣਾਂ ਵਿੱਚ ਅਕਸਰ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਸੱਤਰ ਸਾਲਾਂ 'ਚੋਂ 50 ਸਾਲਾਂ ਤੱਕ ਕਾਂਗਰਸ ਨੇ ਦੇਸ਼ ਉੱਤੇ ਰਾਜ ਕੀਤਾ, ਪਰ ਉਸ ਨੇ ਕੀਤਾ ਕੀ? ਇਹ ਗਲਤ ਦਲੀਲ ਹੈ। ਅੰਗਰੇਜ਼ਾਂ ਦੇ ਰਾਜ ਵਿੱਚ (1900-1947) ਪ੍ਰਤੀ ਵਿਅਕਤੀ ਆਮਦਨ ਇੱਕ ਪੈਸਾ ਵੀ ਨਹੀਂ ਵਧੀ ਸੀ, ਖੇਤੀ ਉਤਪਾਦਨ ਲਗਭਗ ਰੁਕ ਜਿਹਾ ਗਿਆ ਸੀ। ਆਮਦਨ ਨਾਮਾਤਰ ਹੋਣ ਕਰ ਕੇ ਪ੍ਰਤੀ ਵਿਅਕਤੀ ਅਨਾਜ ਦੀ ਖਪਤ, ਜੋ ਸੰਨ 1900 'ਚ 200 ਕਿਲੋ ਸਾਲਾਨਾ ਸੀ, ਦੂਜੀ ਸੰਸਾਰ ਜੰਗ ਦੌਰਾਨ ਸਿਰਫ 157 ਕਿਲੋ ਰਹਿ ਗਈ ਤੇ ਆਜ਼ਾਦੀ ਦੇ ਸਮੇਂ 137 ਕਿਲੋ ਤੱਕ ਆ ਗਈ, ਭਾਵ ਉਦੋਂ ਬਹੁਤ ਜ਼ਿਆਦਾ ਭੁੱਖਮਰੀ ਸੀ। ਅੱਜ ਦੁਨੀਆ ਦਾ ਕੋਈ ਦੇਸ਼ ਰਵਾਂਡਾ ਵਰਗਾ ਵੀ ਨਹੀਂ, ਜਿਸ ਦੇ ਲੋਕ ਇੰਨਾ ਘੱਟ ਅਨਾਜ ਖਾਂਦੇ ਹੋਣ। ਅੱਜ ਭਾਰਤ 'ਚ ਪ੍ਰਤੀ ਵਿਅਕਤੀ ਅਨਾਜ ਦੀ ਖਪਤ ਲਗਭਗ 200 ਕਿਲੋ, ਸਾਲਾਨਾ ਹੈ ਅਤੇ ਨਾਲ ਹੀ ਇਨ੍ਹਾਂ 70 ਸਾਲਾਂ ਵਿੱਚ ਦੁੱਧ, ਮਾਸ, ਮੱਛੀ ਅਤੇ ਹੋਰ ਖੁਰਾਕੀ ਪਦਾਰਥਾਂ ਦੀ ਖਪਤ ਵੀ ਵਧੀ ਹੈ।

ਇਹੋ ਵਜ੍ਹਾ ਹੈ ਕਿ ਸੰਨ 1911 ਵਿੱਚ ਜਨਮ ਦੇ ਸਮੇਂ ਉਮਰ ਹੱਦ 22 ਸਾਲ ਸੀ ਅਤੇ ਆਜ਼ਾਦੀ ਦੇ ਸਮੇਂ ਇਹ ਵਧ ਕੇ 32 ਸਾਲ ਹੋਈ। 2014 ਵਿੱਚ ਇਹ 66.4 ਸਾਲ ਹੋਈ ਅਤੇ ਅੱਜ 68 ਸਾਲ ਹੈ। ਕੀ ਇਹ ਸਭ ਬਿਨਾਂ ਕਿਸੇ ਕੋਸ਼ਿਸ਼ ਦੇ ਹੋ ਗਿਆ? ਇਨ੍ਹਾਂ ਸੱਤਰ ਸਾਲਾਂ 'ਚ ਦੇਸ਼ ਨੂੰ ਭੁੱਖਮਰੀ ਦੀ ਦਲਦਲ ਤੋਂ ਕੱਢ ਕੇ ਹਰੀ ਕ੍ਰਾਂਤੀ ਨਾਲ ਅਨਾਜ ਦੀ ਪੈਦਵਾਰ ਪੰਜ ਕਰੋੜ ਟਨ (ਸੰਨ 1950 ਵਿੱਚ) ਤੋਂ ਜੇ ਅੱਜ 28.4 ਕਰੋੜ ਟਨ ਕੀਤੀ ਹੈ ਤਾਂ ਕੀ ਇਹ ਰਾਸ਼ਟਰ ਦੀ ਸੇਵਾ ਨਹੀਂ? ਜੇ ਅੱਜ ਦੁੱਧ ਦੀ ਉਪਲਬਧਤਾ 124 ਗਰਾਮ ਪ੍ਰਤੀ ਵਿਅਕਤੀ ਤੋਂ ਵਧ ਕੇ 70 ਸਾਲਾਂ 'ਚ 390 ਗਰਾਮ ਹੋਈ ਹੈ ਜਾਂ ਦੁੱਧ ਦਾ ਉਤਪਾਦਨ 170 ਲੱਖ ਟਨ ਤੋਂ 1700 ਲੱਖ ਟਨ ਹਰ ਸਾਲ (10 ਗੁਣਾ) ਹੋ ਗਿਆ ਹੈ ਤਾਂ ਕਿ ਇਹ 'ਚਿੱਟੀ ਕ੍ਰਾਂਤੀ' ਕਿਸੇ ਗਊ ਮਾਤਾ ਦੀ ਸੇਵਾ ਤੋਂ ਬਿਨਾਂ ਸੰਭਵ ਸੀ?

ਮੋਦੀ ਸਰਕਾਰ ਚੋਣਾਂ ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਉਲਟ ਦਲੀਲਾਂ ਦੇ ਰਹੀ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਵਿਕਾਸ ਦੀ ਰਫਤਾਰ ਵਧਾਈ ਜਾ ਸਕਦੀ ਸੀ, ਪਰ ਸਾਨੂੰ ਇਹ ਵੀ ਸਮਝਣਾ ਚਾਹੀਦਾ ਸੀ ਕਿ ਅਗਿਆਨਤਾ ਦੀ ਵਜ੍ਹਾ ਕਰ ਕੇ ਕਿਸਾਨਾਂ ਤੋਂ ਖੇਤੀਬਾੜੀ ਵਿੱਚ ਰਸਾਇਣਕ ਖਾਦਾਂ ਦੀ ਵਰਤੋਂ ਕਰਾਉਣ ਵਿੱਚ ਖੇਤੀ ਪਸਾਰ ਮਹਿਕਮੇ ਨੂੰ 20 ਸਾਲ ਲੱਗੇ ਅਤੇ 1968 ਤੱਕ ਜਦੋਂ ਸਰਕਾਰੀ ਮੁਲਾਜ਼ਮ ਜਾ-ਜਾ ਕੇ ਕਿਸਾਨਾਂ ਨੂੰ ਖੇਤਾਂ 'ਚ ਯੂਰੀਆ ਖਾਦ ਪਾਉਣ ਲਈ ਕਹਿੰਦੇ ਸਨ ਤਾਂ ਕਿਸਾਨ ਅੱਗਿਓਂ ਡਾਂਗਾਂ ਲੈ ਕੇ ਖੜ੍ਹੇ ਹੋ ਜਾਂਦੇ ਸਨ। 10 ਸਾਲ ਪਹਿਲਾਂ ਤੱਕ ਹੀ ਬਿਹਾਰ ਦੇ ਛਪਰਾ ਜ਼ਿਲ੍ਹੇ ਦੇ ਇੱਕ ਪਿੰਡ, ਜਿੱਥੇ ਦੁਨੀਆ ਵਿੱਚ ਸਭ ਤੋਂ ਵੱਧ ਪੋਲੀਓ-ਪੀੜਤ ਬੱਚੇ ਹੁੰਦੇ ਸਨ, ਵਿੱਚ ਜਦੋਂ ਸਰਕਾਰੀ ਡਾਕਟਰ ਪੋਲੀਓ ਦੀ ਦਵਾਈ ਮੁਫਤ ਪਿਲਾਉਣ ਗਏ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਕੁੱਟ-ਕੁੱਟ ਕੇ ਇਹ ਕਹਿ ਕੇ ਭਜਾ ਦਿੱਤਾ ਕਿ ਪਹਿਲਾਂ ਇਥੇ ਸੜਕ ਬਣਵਾਓ। ਪੱਤਰਕਾਰ ਵਜੋਂ ਜਦੋਂ ਮੈਂ ਉਸ ਪਿੰਡ ਵਿੱਚ ਜਾ ਕੇ ਜਾਨਣਾ ਚਾਹਿਆ ਕਿ ਪਿੰਡ ਵਾਲੇ ਏਦਾਂ ਕਿਉਂ ਕਰਦੇ ਹਨ ਤਾਂ ਇੱਕ ਬੁੱਢੀ ਔਰਤ ਦਾ ਜਵਾਬ ਸੀ, ''ਪੈਰ ਲੈ ਕੇ ਕੀ ਕਰਾਂਗੇ, ਜਦ ਚੱਲਣ ਨੂੰ ਸੜਕ ਹੀ ਨਹੀਂ ਹੋਵੇਗੀ।''

ਵਿਕਾਸ ਦੇ ਪਹਿਲੇ ਪੜਾਅ ਵਿੱਚ ਰਫਤਾਰ ਹਮੇਸ਼ਾ ਘੱਟ ਹੁੰਦੀ ਹੈ ਅਤੇ ਕਲਿਆਣਕਾਰੀ ਯੋਜਨਾਵਾਂ ਨੂੰ ਗਰੀਬਾਂ ਤੱਕ ਪਹੁੰਚਾਉਣਾ ਮੁਸ਼ਕਲ ਹੁੰਦਾ ਹੈ। ਉਦੋਂ ਨਾ ਇੰਟਰਨੈੱਟ ਸੀ ਅਤੇ ਨਾ ਮੋਬਾਈਲ ਫੋਨ। ਰਾਜੀਵ ਗਾਂਧੀ ਨੇ ਆਪਟਿਕ ਫਾਈਬਰ ਲਗਵਾਇਆ ਅਤੇ ਸੰਚਾਰ 'ਚ ਸੀ-ਡਾਟ ਯੋਜਨਾ ਨੂੰ ਲਿਆਂਦਾ, ਜਿਸ ਤੋਂ ਬਾਅਦ ਇਹ ਸੰਭਵ ਹੋ ਸਕਿਆ ਕਿ ਤਿੰਨ ਮਹੀਨੇ ਪਹਿਲਾਂ ਮੌਸਮ ਵਿਭਾਗ ਇਸ ਖਤਰੇ ਤੋਂ ਜਾਣੂ ਹੋਇਆ ਸੀ ਅਤੇ ਇਸ ਨਾਲ ਨਜਿੱਠਣ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ। ਮੋਦੀ-ਨਵੀਨ ਪਟਨਾਇਕ ਸਰਕਾਰ ਨੇ ਤਿੰਨ ਦਿਨਾਂ ਵਿੱਚ 1.14 ਕਰੋੜ ਲੋਕਾਂ ਨੂੰ ਫਨੀ ਤੂਫਾਨ ਬਾਰੇ ਮੋਬਾਈਲ 'ਤੇ ਅਗਾਊਂ ਸੰਦੇਸ਼ ਦਿੱਤਾ ਤੇ 11 ਲੱਖ ਲੋਕਾਂ ਨੂੰ ਸਮੇਂ ਸਿਰ ਪ੍ਰਭਾਵਤ ਖੇਤਰ 'ਚੋਂ ਹਟਾ ਦਿੱਤਾ।

ਸੱਤਰ ਸਾਲ ਪਹਿਲਾਂ ਦੇਸ਼ ਵਿੱਚ ਸਾਖਰਤਾ ਦਰ 12 ਫੀਸਦੀ ਸੀ, ਜੋ ਅੱਜ 76 ਫੀਸਦੀ ਹੋ ਗਈ ਹੈ ਅਤੇ ਇਸੇ ਸਦਕਾ ਅੱਜ ਆਮ ਦਿਹਾਤੀ ਵੀ ਮੋਬਾਈਲ ਫੋਨ ਦੇ ਮੈਸੇਜ ਪੜ੍ਹ ਰਿਹਾ ਹੈ, ਚਾਹੇ ਉਹ ਸਫਾਈ ਬਾਰੇ ਹੋਣ, ਫਨੀ ਤੂਫਾਨ ਬਾਰੇ ਜਾਂ ਸਰਜੀਕਲ ਸਟਰਾਈਕ ਅਤੇ ਬਾਲਾਕੋਟ ਬਾਰੇ। ਸੰਨ 1970 ਵਿੱਚ ਜਦੋਂ ਅਮਰੀਕਾ ਦੇ ਖਤਰਨਾਕ ਐਟਮੀ ਅਸਲੇ ਨਾਲ ਲੱਦੇ ਬੇੜੇ ਦੇ ਹਿੰਦ ਮਹਾਸਾਗਰ ਵਿੱਚ ਆਉਣ ਦੇ ਬਾਵਜੂਦ ਓਦੋਂ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਪਾਕਿਸਤਾਨ ਦੇ ਦੋ ਟੋਟੇ ਕਰ ਕੇ ਬੰਗਲਾ ਦੇਸ਼ ਬਣਾ ਦਿੱਤਾ ਤਾਂ ਲੋਕਾਂ ਨੂੰ ਇਸ 'ਰਾਸ਼ਟਰਵਾਦ' ਦਾ ਘੱਟ ਹੀ ਪਤਾ ਲੱਗਾ ਸੀ।

ਆਜ਼ਾਦੀ ਦੇ ਸਮੇਂ ਕੁੱਲ ਘਰੇਲੂ ਉਤਪਾਦ ਵਿੱਚ ਕੁਲ ਦੁਨੀਆ ਵਿੱਚ ਭਾਰਤ ਦਾ ਹਿੱਸਾ ਸਿਰਫ ਤਿੰਨ ਫੀਸਦੀ ਸੀ, ਜਦ ਕਿ ਅੱਜ ਨੌਂ ਫੀਸਦੀ ਹੈ। ਕੀ ਇਹ ਪਿਛਲੇ ਪੰਜ ਸਾਲਾਂ ਵਿੱਚ ਹੋਇਆ ਹੈ? ਭਾਰਤ ਜੇ ਇਸ ਲਿਹਾਜ਼ ਨਾਲ 6ਵਾਂ ਦੇਸ਼ ਬਣਿਆ ਹੈ ਤਾਂ 2013 ਵਿੱਚ ਇਹ ਸੱਤਵਾਂ ਦੇਸ਼ ਸੀ।

ਅਜਿਹਾ ਨਹੀਂ ਹੈ ਕਿ ਮੋਦੀ ਦੇ ਰਾਜ ਵਿੱਚ ਵਿਕਾਸ ਨਹੀਂ ਹੋਇਆ, ਪਰ ਵਿਕਾਸ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਹੁੰਦਾ ਹੈ ਚਿਰ ਸਥਾਈ, ਜਿਵੇਂ ਸਿੰਜਾਈ ਲਈ ਨਹਿਰੀ ਯੋਜਨਾ, ਬਿਜਲੀ ਪਲਾਂਟ ਲਾਉਣਾ, ਸੜਕਾਂ ਬਣਾਉਣਾ। ਇਹ ਕੰਮ ਚਾਰ ਤੋਂ 10 ਸਾਲਾਂ ਤੱਕ ਦਾ ਸਮਾਂ ਲੈਂਦੇ ਹਨ। ਇਸੇ ਤਰ੍ਹਾਂ ਉਜਵਲਾ ਯੋਜਨਾ ਹੈ, ਜਿਸ ਵਿੱਚ ਸਾਲ ਭਰ ਲਈ ਡਲਿਵਰੀ ਕੀਤੀ ਜਾ ਸਕਦੀ ਹੈ। ਦੂਜੀ ਹੈ ਸਾਫ-ਸਫਾਈ ਮੁਹਿੰਮ, ਜਿਸ ਵਿੱਚ ਫੌਰੀ ਤੌਰ ਉਤੇ ਸੰਚਾਰ ਮਾਧਿਅਮਾਂ ਦੇ ਜ਼ਰੀਏ ਘੱਟੋ-ਘੱਟ ਸ਼ਹਿਰਾਂ ਵਿੱਚ ਤਾਂ ਚੇਤਨਾ ਜਗਾਈ ਜਾ ਸਕਦੀ ਹੈ ਜਾਂ ਫਿਰ ਟਾਇਲੇਟ ਬਣਵਾਉਣਾ, ਜੋ ਦੋ ਸਾਲਾਂ ਅੰਦਰ ਸੰਭਵ ਹਨ। ਮੋਦੀ ਸਰਕਾਰ ਨੇ ਇਹ ਸਭ ਕੀਤਾ ਤੇ ਇਹ ਭੁੱਲਿਆ ਨਹੀਂ ਜਾ ਸਕਦਾ, ਪਰ ਸੂਬਾ ਸਰਕਾਰਾਂ ਦੇ ਪ੍ਰਸ਼ਾਸਨਿਕ ਨਿਕੰਮੇਪਣ ਅਤੇ ਭ੍ਰਿਸ਼ਟਾਚਾਰ ਦੀ ਵਜ੍ਹਾ ਕਰ ਕੇ ਮੋਦੀ ਸਰਕਾਰ ਦੀ ਇੱਕ ਬਹੁਤ ਵਧੀਆ 'ਫਸਲ ਬੀਮਾ ਯੋਜਨਾ' ਦਮ ਤੋੜ ਰਹੀ ਹੈ। ਜਿਹੜੇ 10 ਰਾਜਾਂ ਵਿੱਚ ਇਹ ਯੋਜਨਾ ਅਸਫਲ ਰਹੀ, ਉਨ੍ਹਾਂ ਵਿੱਚੋਂ ਸੱਤ ਸੂਬਿਆਂ 'ਚ ਭਾਜਪਾ ਦੀਆਂ ਸਰਕਾਰਾਂ ਹਨ ਅਤੇ ਜਿਹੜੇ ਚਾਰ ਸੂਬਿਆਂ ਵਿੱਚ ਇਹ ਯੋਜਨਾ ਚੰਗੀ ਚੱਲ ਰਹੀ ਹੈ, ਉਨ੍ਹਾਂ 'ਚੋਂ ਤਿੰਨ ਸੂਬਿਆਂ 'ਚ ਕਾਂਗਰਸ ਦਾ ਰਾਜ ਹੈ। ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਭਰੋਸੇ ਯੋਗਤਾ ਵਧਾਉਣ ਲਈ 'ਨਹਿਰੂ ਨੇ ਕੁਝ ਨਹੀਂ ਕੀਤਾ' ਜਾਂ 'ਕਾਂਗਰਸ ਦੇਸ਼ ਨੂੰ ਬਰਬਾਦ ਕਰਦੀ ਰਹੀ' ਵਰਗੇ ਹਲਕੇ ਤੇ ਬੇਬੁਨਿਆਦ ਦੋਸ਼ ਲਾਉਣ ਦੀ ਬਜਾਏ ਆਪਣੀ ਕਾਰਜ ਸਮਰੱਥਾ ਦਿਖਾਉਣੀ ਚਾਹੀਦੀ ਹੈ, ਆਪਣੇ ਕੀਤੇ ਕੰਮ ਦਿਖਾਉਣੇ ਚਾਹੀਦੇ ਹਨ, ਜੋ ਲੋਕਾਂ ਨੇ ਦੇਖੇ ਵੀ ਹਨ ਤੇ ਉਨ੍ਹਾਂ ਦੇ ਲਾਭ ਤੋਂ ਜਾਣੂ ਵੀ ਹਨ। ਇਹੋ ਸਿਹਤਮੰਦ ਲੋਕਤੰਤਰ ਹੈ।


## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc. Brokerage

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਕਿੱਧਰ ਜਾ ਰਿਹਾ ਹੈ ਦੇਸ਼ ਅਤੇ ਕੀ ਬਣੇਗਾ ਇਸ ਦੇਸ਼ ਦਾ ਚੋਣਾਂ ਤੋਂ ਬਾਅਦ



ਜਤਿੰਦਰ ਪੰਨੂ

ਇਸ ਸਤਾਰਾਂ ਮਈ ਨੂੰ ਭਾਰਤ ਦੀ ਪਾਰਲੀਮੈਂਟ ਲਈ ਚੋਣ ਪ੍ਰਚਾਰ ਖਤਮ ਹੋ ਜਾਵੇਗਾ। ਉੱਨੀ ਮਈ ਨੂੰ ਵੋਟਾਂ ਪੈਣ ਦਾ ਆਖਰੀ ਗੇੜ ਗੁਜ਼ਰ ਜਾਵੇਗਾ। ਚਾਰ ਦਿਨ ਬਾਅਦ ਤੇਈ ਮਈ ਨੂੰ ਨਤੀਜੇ ਆਉਣ ਲੱਗਣਗੇ। ਇਹ ਸ਼ਾਇਦ ਇਕੋ ਦਿਨ ਸਾਰੇ ਨਹੀਂ ਆ ਸਕਣਗੇ, ਕਿਉਂਕਿ ਬਹੁਤ ਸਾਰੇ ਹਲਕਿਆਂ ਵਿੱਚ ਵੋਟਿੰਗ ਮਸ਼ੀਨਾਂ ਦੇ ਨਾਲ ਵੀ ਵੀ ਪੈਟ ਮਸ਼ੀਨਾਂ ਲੱਗੀਆਂ ਹਨ ਅਤੇ ਉਨ੍ਹਾਂ ਚੋਣ ਖੇਤਰਾਂ ਵਿੱਚ ਵੀ ਵੀ ਪੈਟ ਮਸ਼ੀਨ ਦੀਆਂ ਪਰਚੀਆਂ ਗਿਣਨ ਅਤੇ ਫਿਰ ਵੋਟਿੰਗ ਮਸ਼ੀਨਾਂ ਨਾਲ ਮਿਲਾ ਕੇ ਇਹ ਵੇਖਣ ਵਿੱਚ ਸਮਾਂ ਲੱਗੇਗਾ ਕਿ ਕੋਈ ਸ਼ਰਾਰਤ ਨਾ ਹੋ ਗਈ ਹੋਵੇ। ਅਗਲੇ ਦਿਨ ਚੌਵੀ ਮਈ ਤੱਕ ਨਤੀਜੇ ਮਿਲਣ ਪਿੱਛੋਂ ਦੇਸ਼ ਨੂੰ ਪਾਰਲੀਮੈਂਟ ਮਿਲ ਜਾਵੇਗੀ ਤੇ ਲੋਕਤੰਤਰੀ ਪ੍ਰਕਿਰਿਆ ਦਾ ਇੱਕ ਪੜਾਅ ਖਤਮ ਹੋ ਜਾਵੇਗਾ। ਆਮ ਲੋਕਾਂ ਦੇ ਲਈ ਸੋਚਣ ਦਾ ਸਵਾਲ ਏਨਾ ਹੈ ਕਿ ਇਸ ਦੇ ਪਿੱਛੋਂ ਸਰਕਾਰ ਕਿਸ ਤਰ੍ਹਾਂ ਦੀ ਬਣੇਗੀ, ਪਰ ਅਸੀਂ ਇਹ ਸੋਚ ਰਹੇ ਹਾਂ ਕਿ ਸਰਕਾਰ ਤਾਂ ਜਿੰਦਾਂ ਦੀ ਵੀ ਬਣ ਜਾਵੇ, ਇਹ ਦੇਸ਼ ਜਿਸ ਰਾਹ ਪੈ ਗਿਆ ਹੈ, ਇਹ ਪਹੁੰਚੇਗਾ ਕਿੱਥੇ!

ਚੋਣਾਂ ਦੇ ਇਸ ਪੜਾਅ ਉੱਤੇ ਅਸੀਂ ਕਿਸੇ ਇੱਕ ਜਾਂ ਦੂਸਰੀ ਪਾਰਟੀ ਦੇ ਪੱਖ ਜਾਂ ਵਿਰੋਧ ਬਾਰੇ ਸੋਚਣ ਦੀ ਥਾਂ ਇਸ ਦੇਸ਼ ਦੀ ਰਾਜ ਪ੍ਰਣਾਲੀ ਦੇ ਉਨ੍ਹਾਂ ਅਦਾਰਿਆਂ ਬਾਰੇ ਸੋਚੀਏ, ਜਿਨ੍ਹਾਂ ਆਸਰੇ ਰਾਜ ਚੱਲਦਾ ਹੈ ਤਾਂ ਵੱਧ ਠੀਕ ਹੈ। ਭਾਰਤ ਦੇ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਰਾਜ ਦੇ ਤਿੰਨ ਪ੍ਰਮੁੱਖ ਅੰਗ: ਵਿਧਾਨ ਪਾਲਿਕਾ (ਪਾਰਲੀਮੈਂਟ ਤੇ ਵਿਧਾਨ ਸਭਾਵਾਂ), ਕਾਰਜ ਪਾਲਿਕਾ (ਜਿਸ ਵਿੱਚ ਸਮੁੱਚੀ ਸਰਕਾਰੀ ਮਸ਼ੀਨਰੀ ਸ਼ਾਮਲ ਹੈ) ਅਤੇ ਨਿਆਂ ਪਾਲਿਕਾ (ਅਦਾਲਤਾਂ) ਹਨ ਅਤੇ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਦਾ ਵੀ ਮਹੱਤਵ ਘੱਟ ਕਰ ਕੇ ਨਹੀਂ ਵੇਖਣਾ ਚਾਹੀਦਾ। ਆਦਿ ਕਾਲ ਤੋਂ ਲੈ ਕੇ ਲੋਕਾਂ ਨੂੰ ਦਾਬੇ ਹੇਠ ਰੱਖਣ ਲਈ ਸਰਕਾਰਾਂ ਜਿਹੜੀ ਮਸ਼ੀਨਰੀ ਵਰਤਦੀਆਂ ਰਹੀਆਂ ਹਨ, ਉਸ ਦੇ ਭ੍ਰਿਸ਼ਟ ਹੋ ਜਾਣ ਦੀ ਚਰਚਾ ਵੀ ਚੱਲਦੀ ਰਹੀ ਹੈ। ਜਦੋਂ ਉਨ੍ਹਾਂ ਕੋਲ ਕਿਸੇ ਵੀ ਵਿਅਕਤੀ ਨੂੰ ਕਦੇ ਵੀ ਫੜ ਕੇ ਕੇਸ ਬਣਾ ਲੈਣ ਦਾ ਅਧਿਕਾਰ ਹੁੰਦਾ ਹੈ ਤਾਂ ਉਨ੍ਹਾਂ ਅਧਿਕਾਰੀਆਂ ਵੱਲੋਂ ਤਾਕਤ ਦੀ ਦੁਰਵਰਤੋਂ ਕਰ ਕੇ ਜਾਂ ਵਰਤੋਂ ਦੇ ਡਰਾਵੇ ਨਾਲ ਭ੍ਰਿਸ਼ਟਾਚਾਰ ਦਾ ਚੱਕਰ ਸੌਖਾ ਚਲਾਇਆ ਜਾ ਸਕਦਾ ਹੈ। ਇਹ ਚੱਕਰ ਪੁਲਸ ਵਾਲੇ ਵੀ ਚਲਾਉਂਦੇ ਹਨ ਤੇ ਕਿਹਾ ਜਾਂਦਾ ਹੈ ਕਿ ਹੋਰਨਾਂ ਤੋਂ ਵੱਧ ਚਲਾਉਂਦੇ ਹਨ, ਜ਼ਮੀਨੀ ਮਾਮਲਿਆਂ ਨਾਲ ਜੁੜਿਆ ਵਿਭਾਗ ਵੀ ਇਹ ਕੰਮ ਕਰਦਾ ਹੈ, ਬਿਜਲੀ ਵਾਲੇ ਵੀ ਕਰਦੇ ਹਨ ਤੇ ਸਿਹਤ ਵਿਭਾਗ ਤੋਂ ਲੈ ਕੇ ਸੜਕ ਮਹਿਕਮੇ ਵਾਲਿਆਂ ਤੱਕ ਇਹੋ ਕਰੀ ਜਾਂਦੇ ਹਨ। ਇਨ੍ਹਾਂ ਨੂੰ ਏਦਾਂ ਕਰਨ ਤੋਂ ਰੋਕਣ ਦੀ ਪੁਰਾਣੇ ਸਮਿਆਂ ਵਿੱਚ ਕੋਈ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ, ਪਰ ਜਦੋਂ ਲੋਕ ਰਾਜ ਦਾ ਦੌਰ ਆ ਗਿਆ ਤਾਂ ਵਿਧਾਨ ਪਾਲਿਕਾ ਦੇ ਚੁਣੇ ਹੋਏ ਆਗੂਆਂ ਰਾਹੀਂ ਅਜਿਹੇ ਕਾਨੂੰਨ ਬਣਾਉਣ ਦਾ ਕੰਮ ਸ਼ੁਰੂ ਹੋਇਆ, ਜਿਨ੍ਹਾਂ ਕਾਨੂੰਨਾਂ ਨਾਲ ਸਰਕਾਰੀ ਮਸ਼ੀਨਰੀ ਲੋਕਾਂ ਉੱਤੇ ਦਹਿਸ਼ਤ ਪਾਉਣ ਜਾਂ ਲੁੱਟ ਕਰਨ ਦਾ ਕੰਮ ਕਰਨ ਤੋਂ ਰੋਕੀ ਜਾ ਸਕੇ। ਫਿਰ ਵਿਧਾਨ ਪਾਲਿਕਾ ਵਿੱਚ ਵੀ ਭ੍ਰਿਸ਼ਟਾਚਾਰ ਆਣ ਵੜਿਆ। ਭਾਰਤ ਦੀ ਅਜੋਕੀ ਲੋਕ ਸਭਾ ਦੇ ਤੀਸਰੇ ਹਿੱਸੇ ਤੋਂ ਵੱਧ ਮੈਂਬਰ ਏਦਾਂ ਦੇ ਹਨ, ਜਿਨ੍ਹਾਂ ਦੇ ਕੇਸਾਂ ਦੀ ਗਿਣਤੀ ਕਰਦਾ ਕੋਈ ਵੀ ਆਦਮੀ ਥੱਕ ਜਾਵੇਗਾ। ਇਸ ਨੂੰ ਰੋਕ ਲਾਉਣੀ ਚਾਹੀਦੀ ਸੀ, ਪਰ ਲਾਈ ਨਹੀਂ ਗਈ। ਉਲਟਾ ਇਹ ਹੋਇਆ ਕਿ ਇਨ੍ਹਾਂ ਅਦਾਰਿਆਂ ਦੀ ਬਹੁ-ਸੰਮਤੀ ਨਾਲ ਚੁਣੇ ਗਏ ਆਗੂ ਆਪਣੀ ਇਸ ਤਾਕਤਵਰ ਹਸਤੀ ਨੂੰ ਵਰਤ ਕੇ ਇਹ ਯਕੀਨੀ ਕਰਨ ਲੱਗ ਪਏ ਕਿ ਲੋਕਤੰਤਰ ਦੇ ਤੀਸਰੇ ਅੰਗ ਨਿਆਂ-ਪਾਲਿਕਾ ਨੂੰ ਵੀ ਪ੍ਰਭਾਵਤ ਕੀਤਾ ਜਾਵੇ। ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਦਾ ਇੱਕ ਬਾਕਾਇਦਾ ਸਿਸਟਮ ਬਣਾਇਆ ਗਿਆ ਸੀ ਤੇ




ਚੱਲਦਾ ਪਿਆ ਸੀ, ਪਰ ਪਿਛਲੇ ਸਮੇਂ ਵਿੱਚ ਉਸ ਵੱਲੋਂ ਕੀਤੇ ਫੈਸਲਿਆਂ ਨੂੰ ਵੀ ਮਰੋੜਿਆ ਜਾਣ ਲੱਗ ਪਿਆ ਹੈ। ਮੌਜੂਦਾ ਕੇਂਦਰ ਸਰਕਾਰ ਨੇ ਇਸ ਕੰਮ ਵਿੱਚ ਬੀਤੇ ਦੀ ਕਿਸੇ ਵੀ ਹੋਰ ਸਰਕਾਰ ਦਾ ਰਿਕਾਰਡ ਤੋੜ ਦਿੱਤਾ ਹੈ। ਫਿਰ ਵੀ ਭਾਰਤ ਦੀ ਨਿਆਂ ਪਾਲਿਕਾ ਨੇ ਕੁਝ ਹੱਦ ਤੱਕ ਇਸ ਹਮਲੇ ਦਾ ਟਾਕਰਾ ਕਰਨ ਦੀ ਕੋਸ਼ਿਸ਼ ਜਾਰੀ ਰੱਖੀ ਹੈ ਤੇ ਅਜੇ ਤੱਕ ਪੂਰੀ ਤਰ੍ਹਾਂ ਸਰਕਾਰ ਦੀ ਜਕੜ ਵਿੱਚ ਨਹੀਂ ਆ ਸਕੀ। ਨਿਆਂ ਪਾਲਿਕਾ ਤੜਫੜਾ ਰਹੀ ਜਾਪਦੀ ਹੈ। ਖਬਰਾਂ ਇਹ ਮਿਲਦੀਆਂ ਹਨ ਕਿ ਜਿਹੜਾ ਵੀ ਜੱਜ ਸਰਕਾਰ ਦੇ ਰੰਗ ਵਿੱਚ ਪੂਰੀ ਤਰ੍ਹਾਂ ਰੰਗੇ ਜਾਣ ਤੋਂ ਇਨਕਾਰੀ ਹੋਵੇ, ਉਸ ਨੂੰ ਚੱਕਰ ਵਿੱਚ ਫਸਾਇਆ ਜਾ ਸਕਦਾ ਹੈ। ਅਸੀਂ ਪਾਕਿਸਤਾਨ ਦੇ ਬਾਰੇ ਪਿਛਲੇ ਸਾਲਾਂ ਵਿੱਚ ਸੁਣਿਆ ਸੀ ਕਿ ਜਿਸ ਜੱਜ ਨੇ ਫੌਜੀ ਸਰਕਾਰ ਮੂਹਰੇ ਵੀ ਝੁਕਣ ਤੋਂ ਇਨਕਾਰ ਕਰੀ ਰੱਖਿਆ ਸੀ, ਉਸ ਦੇ ਪੁੱਤਰ ਨੂੰ ਹੱਜ ਨਾਲ ਜੁੜੀ ਹੋਈ ਇੱਕ ਸੰਸਥਾ ਨੇ ਨੇਕੀ ਦੇ ਕੰਮ ਕਰਨ ਬਹਾਨੇ ਉਸ ਸੰਸਥਾ ਨਾਲ ਜੋੜਿਆ ਤੇ ਫਿਰ ਉਸ ਨੂੰ ਮੁੱਖ ਜੱਜ ਦੇ ਖਿਲਾਫ ਵਰਤਿਆ ਸੀ। ਹੱਜ ਦਾ ਨਾਂਅ ਵਰਤ ਕੇ ਭ੍ਰਿਸ਼ਟਾਚਾਰ ਕਰਨ ਵਾਲੀ ਉਸ ਸੰਸਥਾ ਵਿੱਚ ਜੁੜ ਕੇ ਉਹ ਮੁੰਡਾ ਕਈ ਗੱਲਾਂ ਵਿੱਚ ਉਲਝ ਗਿਆ ਤਾਂ ਸੰਸਥਾ ਦੇ ਹੋਰਨਾਂ ਲੋਕਾਂ ਦਾ ਕੁਝ ਨਹੀਂ ਸੀ ਵਿਗੜਿਆ, ਕਿਉਂਕਿ ਉਹ ਸਰਕਾਰ ਦੀ ਸੈਨਤ ਉੱਤੇ ਹੀ ਉਸ ਮੁੰਡੇ ਨੂੰ ਫਸਾਉਣ ਦਾ ਕੰਮ ਕਰ ਰਹੇ ਸਨ, ਪਰ ਮੁੰਡੇ ਦੇ ਖਿਲਾਫ ਕੇਸ ਚੁੱਕ ਕੇ ਚੀਫ ਜਸਟਿਸ ਨੂੰ ਘੇਰਨ ਦਾ ਕੰਮ ਸ਼ੁਰੂ ਹੋ ਗਿਆ ਸੀ। ਦਿੱਲੀ ਤੋਂ ਆਉਂਦੀਆਂ ਖਬਰਾਂ ਇਹ ਦੱਸਦੀਆਂ ਹਨ ਕਿ ਭਾਰਤ ਵਿੱਚ ਵੀ ਏਦਾਂ ਦੀਆਂ ਸਾਜ਼ਿਸ਼ਾਂ ਹੋ ਸਕਦੀਆਂ ਹਨ, ਜਿਨ੍ਹਾਂ ਨਾਲ ਕੁਝ ਖਾਸ ਜੱਜਾਂ ਨੂੰ ਘੇਰਿਆ ਜਾ ਸਕਦਾ ਹੈ। ਫਿਰ ਨਿਆਂ ਪਾਲਿਕਾ ਵੀ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਕਰ ਸਕੇਗੀ। ਇਸ ਦੀ ਇੱਕ ਮਿਸਾਲ ਭਾਰਤ ਦੇ ਮੁੱਖ ਜੱਜ ਦੇ ਖਿਲਾਫ ਦੋਸ਼ਾਂ ਵਾਲੀ ਹੋ ਸਕਦੀ ਹੈ, ਜਿਸ ਦੇ ਸੱਚ-ਝੂਠ ਬਾਰੇ ਕੋਈ ਕੁਝ ਨਹੀਂ ਜਾਣ ਸਕਦਾ। ਇਸ ਤੋਂ ਵੱਧ ਭੈੜੀ ਗੱਲ ਇਹ ਹੈ ਕਿ ਦੇਸ਼ ਦੇ ਦੋ ਵੱਡੇ ਉਦਯੋਗਪਤੀਆਂ ਨੇ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਕੀਤੇ ਗਏ ਹੁਕਮਾਂ ਨਾਲ ਸਭ ਤੋਂ ਵੱਡੀ ਅਦਾਲਤ ਦੇ ਸਟਾਫ ਤੋਂ ਛੇੜ-ਛਾੜ ਕਰਵਾ ਕੇ ਹੁਕਮ ਬਦਲਵਾਉਣ ਦੀ ਸਫਲਤਾ ਹਾਸਲ ਕਰ ਲਈ ਹੈ। ਇੱਕ ਵੱਡੇ ਉਦਯੋਗਪਤੀ ਦੇ ਖਿਲਾਫ ਇੱਕ ਫੌਰੈਂਸਿਕ ਮਾਹਰ ਦੀ ਆਡਿਟ ਰਿਪੋਰਟ ਲਈ ਜੱਜਾਂ ਨੇ ਨਾਂਅ ਲਿਖ ਕੇ ਹੁਕਮ ਕੀਤਾ ਸੀ, ਪਰ ਕਿਉਂਕਿ ਉਹ ਮਾਹਰ ਗਲਤ ਕੰਮ ਕਰਨ ਨੂੰ ਤਿਆਰ ਨਹੀਂ ਸੀ ਹੋਣਾ, ਉਸ ਦੀ ਥਾਂ ਅਦਾਲਤ ਵੱਲੋਂ ਦਿੱਤੇ ਹੁਕਮ ਵਿੱਚ ਇੱਕ ਨਾਂਅ ਹੋਰ ਜੋੜ ਦਿੱਤਾ ਗਿਆ, ਤਾਂ ਕਿ ਦੋਵਾਂ ਵਿੱਚੋਂ ਕਿਸੇ ਇੱਕ ਤੋਂ ਰਿਪੋਰਟ ਬਣਵਾਈ ਤੇ ਅਦਾਲਤ ਨੂੰ ਪੇਸ਼ ਕੀਤੀ ਜਾ ਸਕੇ। ਦੂਸਰਾ ਮਾਮਲਾ ਕਿਸੇ ਵੱਡੇ ਬਿਲਡਰ ਖਿਲਾਫ ਸੀ। ਇਸ ਵਿੱਚ ਵੀ ਅਸਲੀ ਹੁਕਮਾਂ ਦੇ ਵਿਚਾਲੇ ਕੁਝ ਇਹੋ ਜਿਹਾ ਜੋੜ ਦਿੱਤਾ ਗਿਆ ਕਿ ਜੱਜਾਂ ਨੂੰ ਆਪਣੇ ਸਟਾਫ ਦੇ ਖਿਲਾਫ ਸਖਤੀ ਦਾ ਹੁਕਮ ਕਰਨ ਦੀ ਲੋੜ ਪੈ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਕੰਮ ਸਿਰਫ ਸਰਮਾਏਦਾਰ ਨਹੀਂ ਕਰਦੇ, ਸਰਕਾਰਾਂ ਵੀ ਕਰਨੋਂ ਨਹੀਂ ਰਹਿੰਦੀਆਂ ਤੇ ਫਿਰ ਨਤੀਜਾ ਇਹ ਨਿਕਲਦਾ ਹੈ ਕਿ ਲੋਕਤੰਤਰ ਵਿੱਚ ਇਨਸਾਫ ਦਾ ਆਖਰੀ ਦਰਵਾਜ਼ਾ ਵੀ ਪ੍ਰਭਾਵਤ ਹੋ ਜਾਂਦਾ ਹੈ। ਬੀਤੇ ਬਹੱਤਰ ਸਾਲਾਂ ਦੇ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਵਾਪਰਿਆ ਕਿ ਸੁਪਰੀਮ ਕੋਰਟ ਦੇ ਚਾਰ ਜੱਜ ਇੱਕ ਦਿਨ ਪ੍ਰੈੱਸ ਕਾਨਫਰੰਸ ਕਰਨ ਬੈਠ ਗਏ, ਪਰ ਇਹ ਤਾਂ ਸ਼ੁਰੂਆਤ ਸੀ, ਅੱਗੋਂ ਕੌਣ ਜਾਣਦਾ ਹੈ ਕਿ ਕੀ ਵਾਪਰੇਗਾ!

ਇੱਕ ਥਾਂ ਬੈਠੇ ਮਿੱਤਰਾਂ ਵਿੱਚੋਂ ਇੱਕ ਨੇ ਕਿਹਾ ਸੀ ਕਿ ਭਾਰਤ ਦਾ ਭਵਿੱਖ ਕੁਝ ਠੀਕ ਜਿਹਾ ਨਹੀਂ ਲੱਗਦਾ ਤੇ ਦੂਸਰੇ ਨੇ ਆਖਿਆ ਸੀ ਕਿ ਬਾਕੀ ਰਹਿ ਕੀ ਗਿਆ ਹੈ, ਜਿਹੜਾ ਹੋਰ ਵਿਗੜ ਜਾਵੇਗਾ! ਇਹ ਸਿਰਫ ਉਨ੍ਹਾਂ ਦੋ ਮਿੱਤਰਾਂ ਦੇ ਮਨ ਦੀ ਸਥਿਤੀ ਨਹੀਂ, ਭਾਰਤ ਦੇ ਬਹੁਤ ਸਾਰੇ ਲੋਕਾਂ ਦੀ ਮਨੋ-ਸਥਿਤੀ ਬਣ ਚੁੱਕੀ ਹੈ। ਜਦੋਂ ਫੌਜ ਤੇ ਏਅਰ ਫੋਰਸ ਦੇ ਸਿਖਰਲੇ ਅਫਸਰ ਵੀ ਸਿਆਸੀ ਲੀਡਰਾਂ ਦੀ ਲੋੜ ਮੁਤਾਬਕ ਪ੍ਰੈੱਸ ਕਾਨਫਰੰਸਾਂ ਕਰਨ ਲੱਗਣ ਅਤੇ ਪ੍ਰੈੱਸ ਕਾਨਫਰੰਸਾਂ ਵਿੱਚ ਸਰਕਾਰ ਦੇ ਖਿਲਾਫ ਲੱਗਦੇ ਦੋਸ਼ਾਂ ਦੀ ਸਫਾਈ ਦੇਣ ਲੱਗਣ ਤਾਂ ਏਦਾਂ ਦੀ ਮਨੋ-ਸਥਿਤੀ ਪੈਦਾ ਹੋਣੀ ਸੁਭਾਵਕ ਹੈ। ਨੌਕਰੀ ਕਰਨ ਦੇ ਲਈ ਕੀ ਕੁਝ ਨਹੀਂ ਕਰਨਾ ਪੈਂਦਾ, ਅਫਸਰ ਫੌਜ ਦੇ ਹੋਣ ਜਾਂ ਸਿਵਲ ਦੇ, ਹਨ ਤਾਂ ਉਹ ਵੀ ਇਨਸਾਨ ਹੀ।

# ਯੂ ਪੀ ਵਿੱਚ ਭਾਜਪਾ ਨੂੰ ਮਹਿੰਗੀ ਪੈ ਸਕਦੀ ਹੈ ਆਵਾਰਾ ਪਸ਼ੂਆਂ ਦੀ ਸਮੱਸਿਆ

ਸਵਾਮੀਨਾਥਨ ਐੱਸ ਏ ਅਈਅਰ

ਪਵਿੱਤਰ ਗਊ ਇੱਕ 'ਪਵਿੱਤਰ ਦਹਿਸ਼ਤ' ਬਣ ਗਈ ਹੈ। ਯੂ ਪੀ ਦੇ ਇੱਕ ਦੌਰੇ ਤੋਂ ਪਤਾ ਲੱਗਾ ਕਿ ਜਿਹੜੇ ਬਹੁਤ ਸਾਰੇ ਮੁੱਦਿਆਂ 'ਤੇ ਨਵੀਂ ਦਿੱਲੀ 'ਚ ਗਰਮਾ-ਗਰਮ ਬਹਿਸ ਹੁੰਦੀ ਹੈ, ਪਿੰਡਾਂ 'ਚ ਸ਼ਾਇਦ ਹੀ ਉਨ੍ਹਾਂ ਦਾ ਜ਼ਿਕਰ ਹੁੰਦਾ ਹੋਵੇ। ਦੂਜੇ ਪਾਸੇ ਸ਼ਾਇਦ ਸਭ ਤੋਂ ਵੱਡੀ ਦਿਹਾਤੀ ਸਮੱਸਿਆ ਆਵਾਰਾ ਪਸ਼ੂਆਂ ਦਾ ਡਰ ਹੈ। ਹਰ ਪਾਰਟੀ ਇਹ ਗੱਲ ਮੰਨਦੀ ਵੀ ਹੈ, ਪਰ ਇਸ ਦਾ ਕੋਈ ਵੀ ਹੱਲ ਸੁਝਾਉਣ ਦੀ ਹਿੰਮਤ ਨਹੀਂ ਕਰਦੀ।

ਦਿਹਾਤੀ ਲੋਕਾਂ ਦਾ ਕਹਿਣਾ ਹੈ ਕਿ ਬੇਕਾਰ ਹੋ ਚੁੱਕੇ ਪਸ਼ੂਆਂ ਦੇ ਮਾਲਕ ਉਨ੍ਹਾਂ ਨੂੰ ਝੁੰਡਾਂ ਵਿੱਚ ਖੁੱਲ੍ਹੇ ਛੱਡ ਦਿੰਦੇ ਹਨ ਅਤੇ ਉਹ ਪਿੰਡਾਂ 'ਚ ਆਵਾਰਾ ਘੁੰਮਦੇ ਹੋਏ ਫਸਲਾਂ ਬਰਬਾਦ ਕਰ ਦਿੰਦੇ ਹਨ। ਇਹ ਪਸ਼ੂ ਸ਼ਾਇਦ ਭਾਜਪਾ ਦੇ ਚੋਣ ਮੌਕਿਆਂ ਨੂੰ ਵੀ ਖਾ ਰਹੇ ਹਨ। ਭਾਜਪਾ ਦਾ ਮੰਨਣਾ ਹੈ ਕਿ ਗਊ ਰੱਖਿਆ ਇੱਕ ਹਰਮਨ ਪਿਆਰਾ ਅੰਦੋਲਨ ਹੈ, ਜਿਹੜਾ ਹਿੰਦੂ ਵੋਟਾਂ ਦਾ ਧਰੁਵੀਕਰਨ ਕਰ ਕੇ ਚੋਣਾਂ ਜਿੱਤਣ ਵਿੱਚ ਮਦਦ ਕਰੇਗਾ। ਸੱਚ ਇਸ ਦੇ ਐਨ ਉਲਟ ਹੋ ਸਕਦਾ ਹੈ। ਆਵਾਰਾ ਪਸ਼ੂਆਂ ਦੇ ਖਤਰੇ ਨੂੰ ਬਹੁਤ ਸਾਰੇ ਦਿਹਾਤੀ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ ਅਤੇ ਉਨ੍ਹਾਂ 'ਚੋਂ ਕੁਝ ਸ਼ਾਇਦ ਭਾਜਪਾ ਸਰਕਾਰ ਦੇ ਵਿਰੁੱਧ ਹੋ ਗਏ ਹਨ। ਭਾਰਤ ਵਿੱਚ ਸੱਤਾਧਾਰੀ ਪਾਰਟੀਆਂ ਲਈ ਸੱਤਾ ਵਿਰੋਧੀ ਲਹਿਰ ਹਮੇਸ਼ਾ ਹੀ ਇੱਕ ਸਮੱਸਿਆ ਰਹੀ ਹੈ। ਪਸ਼ੂਆਂ ਦੇ ਖਤਰੇ ਨੇ ਯੂ ਪੀ ਵਿੱਚ ਸੱਤਾ ਵਿਰੋਧੀ ਮੂਡ ਨੂੰ ਹੋਰ ਡੂੰਘਾ ਕਰ ਦਿੱਤਾ ਹੈ, ਇਥੋਂ ਤੱਕ ਕਿ ਉਨ੍ਹਾਂ ਲੋਕਾਂ ਵਿੱਚ ਵੀ, ਜਿਹੜੇ ਕਦੇ ਮੋਦੀ ਦੇ ਪ੍ਰਸ਼ੰਸਕ ਸਨ।

2014 ਦੀਆਂ ਆਮ ਚੋਣਾਂ ਵਿੱਚ ਐਨ ਡੀ ਏ ਗੱਠਜੋੜ ਨੇ ਯੂ ਪੀ ਵਿੱਚ 43 ਫੀਸਦੀ ਵੋਟਾਂ ਲਈਆਂ ਸਨ। ਜਦ ਕਿ ਸਮਾਜਵਾਦੀ ਪਾਰਟੀ, ਬਸਪਾ ਤੇ ਰਾਸ਼ਟਰੀ ਲੋਕਦਲ ਨੇ ਮਿਲ ਕੇ ਲਗਭਗ ਇੰਨੀਆਂ ਵੋਟਾਂ ਲਈਆਂ ਸਨ। ਸੱਤਾ ਵਿਰੋਧੀ ਲਹਿਰ ਦਾ ਅਰਥ ਇਹ ਹੋਇਆ ਕਿ ਐਨ ਡੀ ਏ ਗੱਠਜੋੜ ਦਾ ਵੋਟ ਹਿੱਸੇ ਕੁਝ ਘੱਟ ਸਕਦਾ ਹੈ, ਜਦ ਕਿ ਮਹਾਗਠਜੋੜ ਦੇ ਸਹਿਯੋਗੀਆਂ ਦੀ ਵੋਟ ਕੁਝ ਵਧ ਸਕਦੀ ਹੈ। ਵੋਟ ਹਿੱਸੇਦਾਰੀ ਦੇ ਮਾਮਲੇ ਵਿੱਚ ਫਰਕ ਬੇਸ਼ੱਕ ਨਾਟਕੀ ਨਹੀਂ ਹੋਵੇਗਾ, ਪਰ ਸੀਟਾਂ ਜਿੱਤਣ ਦੇ ਮਾਮਲੇ ਵਿੱਚ ਬਹੁਤ ਨਾਟਕੀ ਹੋ ਸਕਦਾ ਹੈ।

ਪ੍ਰਿਅੰਕਾ ਗਾਂਧੀ ਦੇ ਸਿਆਸਤ ਵਿੱਚ ਦਾਖਲੇ ਨੇ ਵੱਡੇ ਸ਼ਹਿਰਾਂ ਵਿੱਚ ਸੁਰਖੀਆਂ ਬਟੋਰੀਆਂ, ਪਰ ਅਜਿਹਾ ਲੱਗਦਾ ਹੈ ਕਿ



ਦਿਹਾਤੀ ਯੂ ਪੀ ਵਿੱਚ ਉਹ ਕਾਫੀ ਹੱਦ ਤੱਕ ਅਢੁੱਕਵੀਂ ਰਹੀ। ਪ੍ਰਿਅੰਕਾ ਦੇ ਆਉਣ ਨਾਲ ਕਾਂਗਰਸ ਦਾ ਮਨੋਬਲ ਤਾਂ ਸ਼ਾਇਦ ਵਧਿਆ ਹੋਵੇ, ਪਰ ਯੂ ਪੀ ਵਿੱਚ ਲੜਾਈ ਜ਼ਿਆਦਾਤਰ ਭਾਜਪਾ ਅਤੇ ਸਮਾਜਵਾਦੀ-ਬਸਪਾ ਗਠਜੋੜ ਵਿਚਾਲੇ ਹੈ। ਸਿਰਫ ਕੁਝ ਦਿਹਾਤੀ ਖੇਤਰ ਕਾਂਗਰਸੀ ਉਮੀਦਵਾਰਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਪ੍ਰਿਅੰਕਾ ਆਪਣੀ ਮਾਂ ਸੋਨੀਆ ਜਾਂ ਰਾਹੁਲ ਗਾਂਧੀ ਤੋਂ ਬਿਹਤਰ ਬੁਲਾਰਾ ਹੈ ਤੇ ਉਹ ਲੋਕਾਂ ਨਾਲ ਨੇੜਤਾ ਬਣਾਉਣ ਦੀ ਕੋਸ਼ਿਸ਼ ਵੀ ਕਰਦੀ ਹੈ, ਪਰ ਇਸ ਨਾਲ ਬਹੁਤ ਘੱਟ ਮਦਦ ਮਿਲ ਰਹੀ ਹੈ।

ਵਰਨਣ ਯੋਗ ਹੈ ਕਿ ਬਹੁਤ ਘੱਟ ਦਿਹਾਤੀ ਲੋਕ ਕਾਂਗਰਸ ਦੇ 'ਨਿਆਯ' ਮੁੱਦੇ ਬਾਰੇ ਜਾਣਦੇ ਜਾਂ ਉਸ ਦੀ ਪ੍ਰਵਾਹ ਕਰਦੇ ਹਨ, ਜੋ ਚੋਣਾਂ ਜਿੱਤਣ 'ਤੇ ਕਾਂਗਰਸ ਵੱਲੋਂ ਹਰ ਛੋਟੇ ਤੇ ਦਰਮਿਆਨੇ ਕਿਸਾਨ ਨੂੰ ਹਰ ਸਾਲ 72,000 ਰੁਪਏ ਦੇਣ ਦਾ ਚੋਣ ਵਾਅਦਾ ਹੈ। ਪਾਰਟੀ ਜਾਂ ਸੰਦੇਸ਼ ਲੋਕਾਂ ਤੱਕ ਸਹੀ ਢੰਗ ਨਾਲ ਪਹੁੰਚਾਉਣ 'ਚ ਨਾਕਾਮ ਰਹੀ ਹੈ ਜਾਂ ਇਸ ਨੂੰ ਯੂ ਪੀ ਵਿੱਚ ਇੰਨੀ ਅਢੁੱਕਵੀਂ ਪਾਰਟੀ ਵਜੋਂ ਦੇਖਿਆ ਜਾ ਰਿਹਾ ਹੈ ਕਿ ਕੋਈ ਵੀ ਇਸ ਦੇ ਵਾਅਦਿਆਂ ਨੂੰ ਨਹੀਂ ਸੁਣਨਾ ਚਾਹੁੰਦਾ।

ਦੂਜੇ ਪਾਸੇ ਜ਼ਿਆਦਾਤਰ ਦਿਹਾਤੀ ਕਿਸਾਨਾਂ ਨੂੰ ਭਾਜਪਾ ਸਰਕਾਰ ਦੀ 'ਪ੍ਰਧਾਨ ਮੰਤਰੀ ਕਿਸਾਨ ਯੋਜਨਾ' ਦੀਆਂ ਇੱਕ ਜਾਂ ਦੋ ਕਿਸ਼ਤਾਂ ਮਿਲ ਚੁੱਕੀਆਂ ਹਨ। 'ਪ੍ਰਧਾਨ ਮੰਤਰੀ ਕਿਸਾਨ ਯੋਜਨਾ' 6000 ਰੁਪਏ ਸਾਲਾਨਾ ਦੇ ਨਾਲ 'ਨਿਆਯ' ਦੇ ਵਾਅਦੇ ਦਾ ਸਿਰਫ 12ਵਾਂ ਹਿੱਸਾ ਪੇਸ਼ ਕਰਦੀ ਹੈ, ਪਰ ਦਿਹਾਤੀਆਂ ਦਾ ਮੰਨਣਾ ਹੈ ਕਿ 12 ਪੰਛੀ ਟਾਹਣੀ 'ਤੇ ਬੈਠੇ ਹੋਣ ਦੀ ਬਜਾਏ ਇੱਕ ਪੰਛੀ ਹੱਥ ਵਿੱਚ ਹੋਣਾ ਚੰਗਾ ਹੈ। ਨਰਿੰਦਰ ਮੋਦੀ ਦੇ ਸਮਰਥਕ ਮਜ਼ਬੂਤੀ ਨਾਲ ਟਿਕੇ ਹੋਏ ਹਨ। ਉਨ੍ਹਾਂ ਦੇ ਕੱਟੜ ਪ੍ਰਸ਼ੰਸਕ ਕਿਤੇ ਵੀ ਉਨ੍ਹਾਂ ਨਾਲ ਜਾਣਗੇ, ਪਰ ਦੂਜੇ ਪਾਸੇ ਮੁਸਲਮਾਨ ਉਨ੍ਹਾਂ ਨੂੰ 'ਦਾਨਵ' ਵਜੋਂ ਦੇਖਦੇ ਹਨ ਅਤੇ ਉਹ ਭਾਜਪਾ ਦੇ ਵਿਰੋਧੀ ਉਮੀਦਵਾਰ ਨੂੰ ਵੋਟ ਦੇਣਾ ਚਾਹੁੰਦੇ ਹਨ।

ਯੂ ਪੀ ਦੀ ਸਿਆਸਤ ਜਾਤ ਆਧਾਰਤ ਹੋਣ ਲਈ ਬਦਨਾਮ ਹੈ, ਪਰ 2014 'ਚ ਮੋਦੀ ਲਹਿਰ ਨੇ ਜਾਤ ਦੇ ਬੰਧਨਾਂ ਨੂੰ ਤੋੜ ਕੇ ਉਨ੍ਹਾਂ ਨੂੰ ਸ਼ਾਨਦਾਰ ਜਿੱਤ ਦਿਵਾਈ ਸੀ। ਇਸ ਵਾਰ ਕੋਈ ਮੋਦੀ ਲਹਿਰ ਦਿਖਾਈ ਨਹੀਂ ਦਿੰਦੀ। ਜ਼ਿਆਦਾਤਰ ਲੋਕ ਜਾਤ ਦੇ ਆਧਾਰ 'ਤੇ ਵੋਟ ਦੇਣਗੇ, ਜਿਸ ਨਾਲ ਮਹਾਗਠਜੋੜ ਨੂੰ ਫਾਇਦਾ ਹੋਵੇਗਾ।

ਦਿਹਾਤੀਆਂ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਦਿਨ-ਰਾਤ ਆਵਾਰਾ ਪਸ਼ੂਆਂ ਨੂੰ ਭਜਾ ਕੇ ਫਸਲਾਂ ਬਚਾਉਣੀਆਂ ਪੈਂਦੀਆਂ ਹਨ। ਇਹ ਬਹੁਤ ਪ੍ਰੇਸ਼ਾਨੀ ਵਾਲਾ ਤੇ ਖਰਚੀਲਾ ਕੰਮ ਹੈ। ਜੇ ਉਹ ਆਪਣੀਆਂ ਫਸਲਾਂ ਨੂੰ ਬਚਾਉਣ 'ਚ ਸਫਲ ਹੋ ਜਾਣ ਤਾਂ ਉਨ੍ਹਾਂ ਨੂੰ ਪਤਾ ਹੈ ਕਿ ਇਹ ਆਵਾਰਾ ਪਸ਼ੂ ਕਿਸੇ ਹੋਰ ਦੀਆਂ ਫਸਲਾਂ ਬਰਬਾਦ ਕਰ ਦੇਣਗੇ। ਸੂਬਾ ਸਰਕਾਰ ਬੁੱਢੇ ਹੋ ਚੁੱਕੇ ਪਸ਼ੂਆਂ ਦੀ ਦੇਖਭਾਲ ਲਈ ਹੋਰ ਜ਼ਿਆਦਾ ਗਊਸ਼ਾਲਾਵਾਂ ਬਣਾਉਣ ਦੀ ਗੱਲ ਕਰਦੀ ਹੈ, ਪਰ ਮੌਜੂਦਾ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਕੋਲ ਵੀ ਉਥੇ ਰੱਖੇ ਪਸ਼ੂਆਂ ਲਈ ਚਾਰਾ ਖਰੀਦਣ ਲਈ ਫੰਡ ਨਹੀਂ ਹੈ। ਦਿਹਾਤੀ ਲੋਕਾਂ ਦਾ ਕਹਿਣਾ ਹੈ ਕਿ ਕੁਝ ਗਊਸ਼ਾਲਾਵਾਂ ਵਾਲੇ ਸ਼ਾਮ ਨੂੰ ਆਪਣੇ ਪਸ਼ੂ ਛੱਡ ਦਿੰਦੇ ਹਨ ਤਾਂ ਕਿ ਉਹ ਖੁਦ ਆਪਣੇ ਵਾਸਤੇ ਚਾਰਾ ਲੱਭ ਲੈਣ। ਸੂਬੇ ਵਿੱਚ ਲਗਭਗ ਤਿੰਨ ਕਰੋੜ ਪਸ਼ੂ ਹਨ, ਜਿਨ੍ਹਾਂ ਵਿੱਚੋਂ ਸ਼ਾਇਦ 20 ਲੱਖ ਹਰ ਸਾਲ 'ਬੇਕਾਰ' (ਗੈਰ ਉਤਪਾਦਕ) ਹੋ ਜਾਂਦੇ ਹਨ। ਉਨ੍ਹਾਂ ਦੀਆਂ ਲੋੜਾਂ ਸਿਰਫ ਮਨੁੱਖਾਂ ਦੀਆਂ ਲੋੜਾਂ ਦੀ ਕੀਮਤ 'ਤੇ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

ਮੁੱਖ ਮੰਤਰੀ ਯੋਗੀ ਆਦਿਤਿਆਨਾਥ ਬੇਸ਼ੱਕ ਇਸ ਨੂੰ ਇਕ ਹਿੰਦੂ ਜਿੱਤ ਮੰਨਦੇ ਹੋਣ, ਪਰ ਇਹ ਇੱਕ ਆਰਥਿਕ ਤਬਾਹੀ ਹੈ, ਜੋ ਸਦੀਆਂ ਤੋਂ ਬਣੇ ਸਮਾਜਕ ਤੇ ਆਰਥਿਕ ਸੰਤੁਲਨ ਨੂੰ ਢਾਅ ਲਾ ਰਹੀ ਹੈ, ਜਿਸ ਨੇ ਸਦੀਆਂ ਤੋਂ ਪਸ਼ੂਆਂ ਨੂੰ ਇੱਕ ਵਰਦਾਨ ਬਣਾਈ ਰੱਖਿਆ ਸੀ, ਨਾ ਕਿ ਸਰਾਪ।

## ਇੰਟਰਨੈੱਟ ਕਾਰਨ ਖਤਮ ਹੋ ਰਹੀ ਲੋਕਾਂ ਦੀ ਆਪਸੀ ਨੇੜਤਾ

-ਪ੍ਰਿੰ. ਮੋਹਨ ਲਾਲ ਸ਼ਰਮਾ

ਅੱਜ ਦੇ ਨੌਜਵਾਨ ਆਉਣ ਵਾਲੇ ਕੱਲ੍ਹ ਦੇ ਨੇਤਾ ਅਖਵਾਏ ਜਾਣੇ ਹਨ ਅਤੇ ਇਹੋ ਦੇਸ਼ ਦਾ ਭਵਿੱਖ ਹਨ। ਇਨ੍ਹਾਂ ਦੇ ਮੋਢਿਆਂ 'ਤੇ ਮਾਂ-ਪਿਓ ਦੇ ਸੁਫਨਿਆਂ ਦਾ ਬੋਝ ਹੈ। ਮਾਂ-ਪਿਓ ਬੱਚਿਆਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਆਪਣਾ ਸਭ ਕੁਝ ਕੁਝ ਲੁਟਾਉਣ ਨੂੰ ਤਿਆਰ ਹਨ, ਪਰ ਅੱਜ ਦੇ ਬੱਚੇ, ਭਾਵ ਨੌਜਵਾਨ ਪੀੜ੍ਹੀ ਇੱਕ ਬਿਮਾਰੀ ਦਾ ਸ਼ਿਕਾਰ ਹੋ ਚੁੱਕੀ ਹੈ, ਜਿਸ ਦਾ ਨਾਂਅ ਹੈ 'ਇੰਟਰਨੈੱਟ'।

ਪੁਰਾਣੇ ਸਮੇਂ 'ਚ ਲੋਕ ਖੇਡਾਂ ਖੇਡ ਕੇ, ਰੁੱਖਾਂ ਹੇਠ ਸੱਥਾਂ 'ਚ ਬੈਠ ਕੇ ਆਪਸ ਵਿੱਚ ਗੱਲਬਾਤ ਕਰ ਕੇ ਆਪਣਾ ਸਮਾਂ ਬਿਤਾਉਂਦੇ ਸਨ। ਇਹੋ ਉਨ੍ਹਾਂ ਦੇ ਮਨੋਰੰਜਨ ਦਾ ਸਾਧਨ ਸੀ। ਉਦੋਂ ਆਪਸ ਵਿੱਚ ਪਿਆਰ, ਭਾਈਚਾਰਾ ਸੀ, ਕਿਉਂਕਿ ਲੋਕਾਂ ਕੋਲ ਮਿਲ-ਬੈਠਣ ਅਤੇ ਗੱਲਾਂ ਕਰਨ ਦਾ ਸਮਾਂ ਸੀ, ਪਰ ਹੁਣ ਰਿਸ਼ਤੇਦਾਰਾਂ, ਗੁਆਂਢੀਆਂ ਦੀ ਗੱਲ ਤਾਂ ਦੂਰ, ਘਰ ਦੇ ਮੈਂਬਰਾਂ ਕੋਲ ਵੀ ਇਕੱਠੇ ਬੈਠਣ ਤੇ ਗੱਲਬਾਤ ਕਰਨ ਲਈ ਸਮਾਂ ਨਹੀਂ ਰਿਹਾ। ਇਸ ਦੀ ਵਜ੍ਹਾ ਹੈ ਇੰਟਰਨੈੱਟ ਦੀ ਆਦਤ। ਸੂਚਨਾ ਤਕਨੀਕ ਅਤੇ ਇੰਟਰਨੈੱਟ ਨੇ ਵਿਕਾਸ 'ਚ ਵੱਡਾ ਯੋਗਦਾਨ ਪਾਇਆ ਹੈ, ਪਰ ਅੱਜ ਭਾਰਤ ਨੂੰ ਡਿਜੀਟਲ ਬਣਾਉਣ ਦੇ ਚੱਕਰ ਵਿੱਚ ਇਸ ਦੇ ਬੁਰੇ ਨਤੀਜੇ ਸਾਹਮਣੇ ਆ ਰਹੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਭਾਰਤ ਨੂੰ ਡਿਜੀਟਲ ਭਾਰਤ ਬਣਾਉਣਾ ਚਾਹੁੰਦੀ ਹੈ ਅਤੇ ਇਸੇ ਚੱਕਰ ਵਿੱਚ ਇਨਸਾਨ ਤਕਨੀਕ ਦਾ ਗੁਲਾਮ ਬਣਦਾ ਜਾ ਰਿਹਾ ਹੈ। ਬੱਚਿਆਂ ਦਾ ਬਚਪਨ ਇੰਟਰਨੈੱਟ ਦੀ ਗ੍ਰਿਫਤ ਵਿੱਚ ਆ ਚੁੱਕਾ ਹੈ।

ਜੇ ਇੰਟਰਨੈੱਟ ਨਾ ਹੁੰਦਾ ਤਾਂ ਦੁਨੀਆ ਵਿੱਚ ਦਿਖਾਵਾ ਥੋੜ੍ਹਾ ਘੱਟ ਹੁੰਦਾ-ਸਿਖਿਆ ਦੇ ਖੇਤਰ ਵਿੱਚ ਵੀ ਬਹੁਤ ਸਾਰੇ ਵਿਦਿਆਰਥੀ ਇੰਟਰਨੈੱਟ ਦਾ ਸਹਾਰਾ ਲੱਭਦੇ ਹਨ। ਸਕੂਲਾਂ ਵਿੱਚ ਦੱਸੇ ਗਏ ਪ੍ਰੋਜੈਕਟਾਂ ਜਾਂ ਦਿੱਤੇ ਗਏ ਕੰਮ ਲਈ ਉਹ ਇੰਟਰਨੈੱਟ ਦੀ ਵਰਤੋਂ ਕਰਦੇ ਹਨ, ਜਿਸ ਦਾ ਬੁਰਾ ਅਸਰ ਉਨ੍ਹਾਂ ਦੀ ਆਪਣੀ ਮੌਲਿਕਤਾ 'ਤੇ ਪੈਂਦਾ ਹੈ। ਇਸੇ ਕਾਰਨ ਉਨ੍ਹਾਂ ਦੀ ਆਪਣੀ ਸੋਚਣ ਸ਼ਕਤੀ ਪ੍ਰਭਾਵਤ ਹੁੰਦੀ ਹੈ। ਉਹ ਆਪਣੇ ਦਿਮਾਗ ਦੀ ਵਰਤੋਂ ਕਰਨ ਦੀ ਥਾਂ ਇੰਟਰਨੈੱਟ ਦੇ ਜ਼ਰੀਏ ਸਵਾਲਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀ ਪੜ੍ਹਾਈ ਦੀ ਬਜਾਏ ਫੋਨ 'ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ।

ਅੱਜਕੱਲ੍ਹ ਦੇ ਬੱਚੇ ਸਰੀਰਕ ਕਸਰਤ ਅਤੇ ਘਰ ਤੋਂ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ ਵਿੱਚ ਦਿਲਚਸਪੀ ਲੈਣ ਦੀ ਬਜਾਏ ਘਰ ਅੰਦਰ ਬੈਠ ਕੇ ਫੋਨ 'ਤੇ ਗੇਮਾਂ ਖੇਡਦੇ ਹਨ, ਜਿਸ ਕਾਰਨ ਉਹ ਕਈ ਤਰ੍ਹਾਂ ਦੇ ਰੋਗਾਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਅੱਜਕੱਲ੍ਹ ਹਰ ਇੱਕ ਆਦਮੀ ਕੋਲ ਸਮਾਰਟਫੋਨ ਹੈ, ਜਿਵੇਂ ਰਿਕਸ਼ੇ ਵਾਲੇ ਕੋਲ, ਮਜ਼ਦੂਰ ਕੋਲ, ਇਥੋਂ ਤੱਕ ਕਿ ਕੰਮ ਕਰਨ ਵਾਲੀ ਬਾਈ ਕੋਲ ਵੀ ਅਤੇ ਇਹ ਸਾਰੇ ਇੰਟਰਨੈੱਟ ਦੀ ਖੂਬ ਵਰਤੋਂ ਕਰ ਰਹੇ ਹਨ। ਹਰ ਕੋਈ ਆਪਣੇ ਫੋਨ 'ਤੇ ਰੁੱਝਾ ਹੋਇਆ ਹੈ। ਇਹ ਸਾਡੇ ਸਮਾਜ ਲਈ ਇੱਕ ਬਹੁਤ ਵੱਡੀ ਸਮੱਸਿਆ ਹੈ, ਜੋ ਕਿ ਨਸ਼ੇ ਤੋਂ ਜ਼ਿਆਦਾ ਮਾਰ ਕਰਨ ਵਾਲੀ ਜਾਂ ਘਾਤਕ ਸਿੱਧ ਹੋ ਰਹੀ ਹੈ। ਇੰਟਰਨੈੱਟ ਦਾ ਸਭ ਤੋਂ ਵੱਡਾ ਨੁਕਸਾਨ ਬਜ਼ੁਰਗਾਂ ਨੂੰ ਹੋ ਰਿਹਾ ਹੈ ਕਿਉਂਕਿ ਪੁਰਾਣੇ ਸਮੇਂ ਵਿੱਚ ਬੱਚੇ ਆਪਣੇ ਬਜ਼ੁਰਗਾਂ ਤੋਂ ਸੰਸਕਾਰ ਲੈਂਦੇ ਸਨ, ਪਰ ਅੱਜਕੱਲ੍ਹ ਉਹ ਇੰਟਰਨੈੱਟ ਦੇ ਜ਼ਰੀਏ ਅਸ਼ਲੀਲ ਸਮੱਗਰੀ ਦੇਖ ਰਹੇ ਹਨ ਅਤੇ ਇਹੋ ਕੁਝ ਸਿੱਖ ਰਹੇ ਹਨ। ਇਸੇ ਕਾਰਨ ਬਜ਼ੁਰਗਾਂ ਦਾ ਸਤਿਕਾਰ ਘਟਦਾ ਜਾ ਰਿਹਾ ਹੈ ਤੇ ਉਹ ਖੁਦ ਨੂੰ ਇਕੱਲੇ ਮਹਿਸੂਸ ਕਰ ਰਹੇ ਹਨ।

ਹਮ ਯਹ ਕਿਸ ਦਰਿਆ ਮੇਂ ਬਹਿ ਗਏ ਹੈਂ,
ਦੁਨੀਆ ਕੀ ਭੀੜ ਮੇਂ ਅਕੇਲੇ ਰਹਿ ਗਏ ਹੈਂ।
ਪਾਯਾ ਕਿਆ ਕੁਛ, ਪਤਾ ਨਹੀਂ
ਪਰ ਸਬ ਕੁਝ ਗੰਵਾ ਕਰ ਬੈਠ ਗਏ ਹੈਂ।

ਅੱਜ ਸਾਡੇ ਇਥੇ ਇੰਟਰਨੈੱਟ ਦਾ ਪ੍ਰਭਾਵ ਇੰਨਾ ਵਧ ਗਿਆ ਹੈ ਕਿ ਅਸੀਂ ਇਸ ਵੱਲ ਖਿੱਚੇ ਜਾ ਰਹੇ ਹਾਂ। ਅੱਜ ਸਾਰਾ ਸੋਸ਼ਲ ਮੀਡੀਆ ਅਸ਼ਲੀਲ ਵੀਡੀਓਜ਼ ਨਾਲ ਭਰਿਆ ਪਿਆ ਹੈ, ਜਿਸ ਨੂੰ ਬੱਚੇ ਬਹੁਤ ਉਤਸ਼ਾਹ ਨਾਲ ਦੇਖਦੇ ਹਨ। ਸ਼ਾਇਦ ਇਸੇ ਕਾਰਨ ਬਲਾਤਕਾਰ ਵਰਗੀਆਂ ਘਟਨਾਵਾਂ ਵੀ ਦਿਨੋ-ਦਿਨ ਵਧ ਰਹੀਆਂ ਹਨ। ਬੱਚੇ ਆਨਲਾਈਨ ਗੇਮਾਂ ਖੇਡਦਾਂ ਹਨ, ਜਿਸ ਨਾਲ ਉਨ੍ਹਾਂ ਦਾ ਸਮਾਂ ਬਰਬਾਦ ਹੁੰਦਾ ਹੈ। ਸੋਸ਼ਲ ਮੀਡੀਆ 'ਤੇ ਕੰਮ ਕਰਦਿਆਂ ਅਸੀਂ ਆਪਣੀ ਇਕਾਗਰਤਾ ਭੰਗ ਕਰ ਬੈਠਦੇ ਹਾਂ ਕਿਉਂਕਿ ਕੰਮ ਕਰਦੇ ਸਮੇਂ ਅਸੀਂ ਵਟਸਐਪ, ਫੇਸਬੁਕ, ਟਵਿੱਟਰ ਆਦਿ ਚੈੱਕ ਕਰਦੇ ਰਹਿੰਦੇ ਹਾਂ, ਜਿਸ ਨਾਲ ਸਾਡਾ ਧਿਆਨ ਕੰਮ ਵੱਲ ਨਹੀਂ ਲੱਗਦਾ ਅਤੇ ਸਾਡੇ ਸਮੇਂ ਦਾ ਨੁਕਸਾਨ ਵੀ ਹੁੰਦਾ ਹੈ। ਅੱਜ ਇੰਟਰਨੈੱਟ ਅਤੇ ਸਸਤੀਆਂ ਕਾਲ ਦਰਾਂ ਕਾਰਨ ਹਰ ਆਦਮੀ ਹੱਥ ਵਿੱਚ ਸਮਾਰਟਫੋਨ ਫੜੀ ਫਿਰਦਾ ਹੈ। ਖਾਣੇ ਵਾਲਾ ਟੇਬਲ ਹੋਵੇ ਜਾਂ ਬੈਡਰੂਮ, ਕਿਤੇ ਵੀ ਮਾਂ ਬਾਪ ਤੇ ਬੱਚਿਆਂ ਵਿਚਾਲੇ ਗੱਲਬਾਤ ਹੁੰਦੀ ਨਜ਼ਰ ਨਹੀਂ ਆਉਂਦੀ। ਇੱਕ ਦਿਨ ਜਾਂ ਕੁਝ ਘੰਟਿਆਂ ਲਈ ਜੇ ਇੰਟਰਨੈੱਟ ਬੰਦ ਹੋ ਜਾਵੇ ਤਾਂ ਹਰ ਇੱਕ ਦੇ ਚਿਹਰੇ 'ਤੇ ਮਾਯੂਸੀ ਛਾ ਜਾਂਦੀ ਹੈ। ਇੰਝ ਲੱਗਦਾ ਹੈ ਕਿ ਜਿਵੇਂ ਉਨ੍ਹਾਂ ਦੀ ਦੁਨੀਆ ਹੀ ਉਜੜ ਗਈ ਹੋਵੇ।

ਚਿੰਤਾ ਦਾ ਵਿਸ਼ਾ ਇਹ ਹੈ ਕਿ ਨੌਜਵਾਨ ਅਤੇ ਛੋਟੀ ਉਮਰ ਦੇ ਬੱਚਿਆਂ ਤੱਕ ਨੂੰ ਇਸ ਦੀ ਇੰਨੀ ਲਤ ਲੱਗ ਚੁੱਕੀ ਹੈ ਕਿ ਉਨ੍ਹਾਂ ਨੂੰ ਹੋਰ ਕੁਝ ਚੰਗਾ ਹੀ ਨਹੀਂ ਲੱਗਦਾ। ਆਖਿਰ 'ਚ ਮੈਂ ਇਹੋ ਕਹਾਂਗਾ ਕਿ-


ਸਮਾਰਟਫੋਨ ਕੀ ਆਦਤੇਂ ਇਨਸਾਨ ਕੋ ਹੋ ਗਈਂ,
ਏਕ ਉਂਗਲੀ ਕੀ ਕੁਰੇਦ ਸੇ ਕਿਤਨੀ ਪਰਤੇਂ ਖੁਲ ਗਈਂ
ਐਪਸ ਕੀ ਗਲੀਓਂ ਮੇਂ ਗੁੰਮ ਹੈਂ ਕਿਤਨੇ ਖਯਾਲ,
ਬੇਵਜ੍ਹਾ ਰਿਸ਼ਤੋਂ ਕੀ ਅਹਿਮੀਅਤ ਪਰਤੋਂ ਮੇਂ ਗੁੰਮ ਹੋ ਗਈ।

## ਜਰੂਰੀ ਬੇਨਤੀ

### ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

### ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756



# ਦੇਸ਼ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਹੋ ਸਕਦਾ: ਹਾਈ ਕੋਰਟ

ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਲੁਧਿਆਣਾ ਦੇ ਭਾਈ ਰਣਧੀਰ ਸਿੰਘ ਨਗਰ ਦੇ ਵਰਕਿੰਗ ਵੂਮੈਨ ਹੋਸਟਲ ਤੋਂ ਪੰਜਾਬ ਪੁਲਸ ਦੀ ਥਰਡ ਇੰਡੀਅਨ ਰਿਜ਼ਰਵ ਬਟਾਲੀਅਨ ਨੂੰ ਹਟਾ ਕੇ ਇਸ ਨੂੰ ਹੋਸਟਲ ਬਣਾਉਣ ਨਾਲ ਜੁੜੀ ਪਟੀਸ਼ਨ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਆਰ ਆਰ ਬੀ ਸੁਰੱਖਿਆ ਦੇ ਪੱਖੋਂ ਬੇਹੱਦ ਮਹੱਤਵ ਪੂਰਨ ਹੈ ਅਤੇ ਦੇਸ਼ ਦੀ ਸੁਰੱਖਿਆ ਨਾਲ ਕਿਸੇ ਵੀ ਸਥਿਤੀ ਵਿੱਚ ਸਮਝੌਤਾ ਨਹੀਂ ਕੀਤਾ ਜਾ ਸਕਦਾ।

ਸਥਾਨਕ ਵਾਸੀ ਤੇ ਰਿਟਾਇਰਡ ਇੰਜੀਨੀਅਰ ਬਲਜੀਤ ਸਿੰਘ ਨੇ ਐਡਵੋਕੇਟ ਐੱਚ ਸੀ ਅਰੋੜਾ ਦੇ ਰਾਹੀਂ ਜਨਹਿਤ ਪਟੀਸ਼ਨ ਦਾਇਰ ਕਰ ਕੇ ਹਾਈ ਕੋਰਟ ਨੂੰ ਦਸਿਆ ਸੀ ਕਿ ਲੁਧਿਆਣਾ ਦੀ ਰੈਡਕਰਾਸ ਬ੍ਰਾਂਚ ਨੇ ਵਰਕਿੰਗ ਵੂਮੈਨ ਦੇ ਲਈ ਹੋਸਟਲ ਬਣਾਇਆ ਸੀ। ਲੁਧਿਆਣਾ ਇੰਪਰੂਵਮੈਂਟ ਟਰੱਸਟ ਨੇ ਇਸੇ ਕੰਮ ਨਾਲ ਰੈਡਕਰਾਸ ਸੁਸਾਇਟੀ ਨੂੰ ਇਹ ਜ਼ਮੀਨ ਦਿੱਤੀ ਸੀ। ਜ਼ਮੀਨ ਅਲਾਟ ਕਰਨ ਸਮੇਂ ਇਹ ਸ਼ਰਤ ਤੈਅ ਕੀਤੀ ਗਈ ਸੀ ਇਸ ਇਮਾਰਤ ਦੀ ਹੋਸਟਲ ਦੇ ਇਲਾਵਾ ਕਿਸੇ ਹੋਰ ਮਕਸਦ ਦੇ ਲਈ ਵਰਤੋਂ ਨਹੀਂ ਕੀਤੀ ਜਾ ਸਕਦੀ। ਇਸ ਦੇ ਬਾਵਜੂਦ 1982 ਵਿੱਚ ਪੰਜਾਬ ਵਿੱਚ ਖਾੜਕੂਵਾਦ ਦੇ ਦੌਰਾਨ ਰੈਡਕਰਾਸ ਸੁਸਾਇਟੀ ਨੇ ਇਹ ਇਮਾਰਤ ਪੰਜਾਬ ਪੁਲਸ ਦੀ ਥਰਡ ਇੰਡੀਅਨ ਰਿਜ਼ਰਵ ਬਟਾਲੀਅਨ ਨੂੰ ਦੇ ਦਿੱਤੀ ਸੀ। ਤਦ ਤੋਂ ਅੱਜ ਤੱਕ ਇਹ ਇਮਾਰਤ ਉਨ੍ਹਾਂ ਦੇ ਕਬਜ਼ੇ ਵਿੱਚ ਹੈ।

ਪਟੀਸ਼ਨ ਵਿੱਚ ਪੰਜਾਬ ਸਰਕਾਰ ਨੇ ਜਵਾਬ ਦੇਂਦੇ ਹੋਏ ਕਿਹਾ ਕਿ ਕਿਸੇ ਵੀ ਪ੍ਰਕਾਰ ਦੇ ਤਣਾਅ ਦੀ ਸਥਿਤੀ ਨਾਲ ਨਿਬੜਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਆਈ ਆਰ ਬੀ ਦੀ ਹੈ। ਇਹ ਇਮਾਰਤ ਸ਼ਹਿਰ ਵਿੱਚ ਅਜਿਹੇ ਥਾ ਹੈ ਜਿੱਥੇ ਪੂਰੇ ਸ਼ਹਿਰ ਦੇ ਕਿਸੇ ਵੀ ਸਥਾਨ 'ਤੇ ਪਹੁੰਚਣਾ ਆਸਾਨ ਹੋਵੇ। ਆਈ ਆਰ ਬੀ ਨੂੰ ਹਵਾਈ ਅੱਡੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਦਿੱਤੀ ਗਈ।

# ਹਰਸਿਮਰਤ ਨੇ ਆਪਣੇ ਪ੍ਰੋਗਰਾਮਾਂ ਵਿੱਚ ਹੁੱਲੜਬਾਜ਼ੀ ਲਈ ਕੈਪਟਨ ਨੂੰ ਦੋਸ਼ੀ ਦੱਸਿਆ



ਬਠਿੰਡਾ, 12 ਮਈ, (ਪੋਸਟ ਬਿਊਰੋ)- ਇਸ ਪਾਰਲੀਮੈਂਟਰੀ ਹਲਕੇ ਤੋਂ ਅਕਾਲੀ-ਭਾਜਪਾ ਗੱਠਜੋੜ ਦੀ ਉਮੀਦਵਾਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਚੋਣ ਪ੍ਰੋਗਰਾਮਾਂ ਵਿਚ ਹੁੰਦੀ ਗੜਬੜ ਲਈ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਦੱਸਿਆ ਹੈ ਅਤੇ ਇਸ ਦੀ ਜ਼ਿੰਮੇਵਾਰੀ ਉਨ੍ਹਾਂ ਉੱਤੇ ਸੁੱਟੀ ਹੈ।

ਅੱਜ ਸ਼ਨੀਵਾਰ ਸਵੇਰੇ ਬਾਲਿਆਂਵਾਲੀ ਪਿੰਡ ਵਿੱਚ ਪੰਥਕ ਤੇ ਕਿਸਾਨ ਜਥੇਬੰਦੀਆਂ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਕਾਲੀਆਂ ਝੰਡੀਆਂ ਵਿਖਾਉਣ ਉੱਤੇ ਦੋਵਾਂ ਧਿਰਾਂ ਵਿਚਾਲੇ ਪੈਦਾ ਹੋਏ ਤਨਾਅ ਤੋਂ ਬਾਅਦ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਨੇ ਆਪਣੀ ਇਕ ਵੀਡੀਓ ਅੱਪਲੋਡ ਕਰਕੇ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਢਾਈ ਸਾਲਾਂ ਦੀ ਨਿਰਾਸ਼ਾ ਜਨਕ ਕਾਰਗੁਜ਼ਾਰੀ ਕਾਰਨ ਆਪਣੀ ਹਾਰ ਦੇਖ ਕੇ ਉਸ ਦੀਆਂ ਰੈਲੀਆਂ ਵਿਚ ਗੜਬੜ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਉਨ੍ਹਾਂ ਦੀਆਂ ਰੈਲੀਆਂ ਵਿਚ ਕਾਂਗਰਸੀ ਵਰਕਰਾਂ ਨੂੰ ਭੇਜ ਕੇ ਮਾਹੌਲ ਖਰਾਬ ਕਰਦੇ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਕੁਝ ਵਰਕਰਾਂ ਨੂੰ ਸ਼ਰਾਬ ਤੇ ਪੈਸੇ ਦਾ ਲਾਲਚ ਦੇ ਕੇ ਉਨ੍ਹਾਂ ਦੇ ਪ੍ਰੋਗਰਾਮਾਂ ਵਿੱਚ ਖਰਾਬੀ ਕਰਵਾ ਰਹੇ ਹਨ। ਇੱਕ ਵੀਡੀਓ ਰਾਹੀਂ ਉਨ੍ਹਾਂ ਕਿਹਾ ਕਿ ਪਿੰਡ ਮੰਡੀ ਕਲਾਂ ਵਿਚ ਉਸ ਦੀ ਚੋਣ ਸਭਾ ਖਰਾਬ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਹੇ ਉੱਤੇ ਬਹੁਤ ਸਾਰੇ ਕਾਂਗਰਸੀ ਵਰਕਰ ਇਕੱਠੇ ਹੋਏ ਹਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਉਹ ਜਦੋਂ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਬਠਿੰਡਾ ਨੂੰ ਫੋਨ ਕਰੇ ਤਾਂ ਫੋਨ ਨਹੀਂ ਚੁੱਕਦੇ। ਜ਼ਿਲ੍ਹਾ ਅਧਿਕਾਰੀ ਉਸ ਦੀ ਸੁਰੱਖਿਆ ਨਾਲ ਸਮਝੌਤਾ ਕਰ ਰਹੇ ਹਨ। ਹਰਸਿਮਰਤ ਕੌਰ ਬਾਦਲ ਨੇ ਇਹ ਦੋਸ਼ ਲਾਇਆ ਕਿ ਪਿੰਡ ਬਾਦਲ ਉਨ੍ਹਾਂ ਦੇ ਘਰ ਅੱਗੇ ਪ੍ਰਦਰਸ਼ਨ ਕਰਨ ਵਾਲੇ ਗਰਮ ਖਿਆਲੀ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭੇਜੇ ਸਨ, ਜਿਨ੍ਹਾਂ ਨੂੰ ਪੁਲਿਸ ਉਨ੍ਹਾਂ ਦੇ ਘਰ ਤਕ ਸੁਰੱਖਿਆ ਹੇਠ ਲੈ ਕੇ ਗਈ ਸੀ।

# 'ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਸਨੀ ਸ਼ਾਇਦ ਸੁਨੀਲ ਜਾਖੜ ਵਿਰੁੱਧ ਚੋਣ ਨਾ ਲੜਦੇ': ਧਰਮਿੰਦਰ



ਗੁਰਦਾਸਪੁਰ, 12 ਮਈ, (ਪੋਸਟ ਬਿਊਰੋ)- ਪ੍ਰਸਿੱਧ ਫਿਲਮ ਸਟਾਰ ਧਰਮਿੰਦਰ ਦਾ ਕਹਿਣਾ ਹੈ ਕਿ 'ਅਸੀਂ ਨੇਤਾ ਨਹੀਂ, ਸੇਵਕ ਬਣ ਕੇ ਲੋਕਾਂ ਦੀ ਸੇਵਾ ਕਰਨ ਲਈ ਆਏ ਹਾਂ, ਪਰ ਜੇ ਪਤਾ ਹੁੰਦਾ ਕਿ ਸੰਨੀ ਦੇ ਖ਼ਿਲਾਫ਼ ਬਲਰਾਮ ਜਾਖੜ ਦੇ ਬੇਟੇ ਸੁਨੀਲ ਜਾਖੜ ਚੋਣ ਲੜ ਰਹੇ ਹਨ ਤਾਂ ਸ਼ਾਇਦ ਅਸੀਂ ਮਨ੍ਹਾ ਕਰ ਦਿੰਦੇ।'

ਹਲਕਾ ਗੁਰਦਾਸਪੁਰ ਤੋਂ ਭਾਜਪਾ ਦੇ ਉਮੀਦਵਾਰ ਸੰਨੀ ਦਿਓਲ ਦੇ ਪਿਤਾ ਧਰਮਿੰਦਰ ਨੇ ਅੱਜ ਏਥੇ ਪੱਤਰਕਾਰਾਂ ਦੇ ਨਾਲ ਗੱਲਬਾਤ ਵਿੱਚ ਕਿਹਾ ਕਿ ਉਹ ਇਥੇ ਭਾਸ਼ਣ ਦੇਣ ਨਹੀਂ, ਲੋਕਾਂ ਦਾ ਦਰਦ ਸਮਝਣ ਨੂੰ ਆਏ ਹਨ, ਤਾਂ ਜੋ ਉਹ ਦੂਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬੀਕਾਨੇਰ ਦਾ ਪਾਰਲੀਮੈਂਟ ਮੈਂਬਰ ਹੁੰਦਿਆਂ ਪੰਜ ਸਾਲਾਂ ਵਿੱਚ ਉਹ ਕੰਮ ਕਰ ਕੇ ਦਿਖਾਏ, ਜੋ ਪਹਿਲਾਂ 50 ਸਾਲ ਵਿੱਚ ਨਹੀਂ ਸੀ ਹੋ ਸਕੇ। ਉਨ੍ਹਾਂ ਦੱਸਿਆ ਕਿ ਬੀਕਾਨੇਰ ਤੋਂ ਚੋਣ ਲੜਨ ਤੋਂ ਪਹਿਲਾਂ ਭਾਜਪਾ ਨੇ ਉਨ੍ਹਾਂ ਨੂੰ ਪਟਿਆਲਾ ਤੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਸੀ, ਪਰ ਓਥੇ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਚੋਣ ਲੜ ਰਹੇ ਹਨ, ਜਿਨ੍ਹਾਂ ਦਾ ਉਹ ਬੜਾ ਸਨਮਾਨ ਕਰਦੇ ਤੇ ਉਨ੍ਹਾਂ ਨੂੰ ਆਪਣੀ ਭੈਣ ਮੰਨਦੇ ਹਨ। ਇਸ ਲਈ ਉਨ੍ਹਾਂ ਨੇ ਉਥੋਂ ਚੋਣ ਲੜਨ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਤੋਂ ਬਾਅਦ ਲੁਧਿਆਣਾ ਤੋਂ ਚੋਣ ਲੜਨ ਲਈ ਉਨ੍ਹਾਂ ਨੂੰ ਕਿਹਾ ਗਿਆ, ਪਰ ਉਨ੍ਹਾਂ ਖਿਲਾਫ ਚੋਣ ਮੈਦਾਨ ਵਿਚ ਖੜੇ ਢਿੱਲੋਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਭਰਾ ਬਣ ਕੇ ਇਥੋਂ ਚੋਣ ਨਾ ਲੜਨ। ਇਸ ਪਿੱਛੋਂ ਉਨ੍ਹਾਂ ਨੇ ਚੋਣ ਲੜਨ ਦਾ ਖਿਆਲ ਹੀ ਛੱਡ ਦਿੱਤਾ ਸੀ।

# ਏ ਟੀ ਐੱਮ ਮਸ਼ੀਨ ਪੁੱਟ ਕੇ ਬਾਈਕ ਉੱਤੇ ਲੈ ਕੇ ਨਿਕਲ ਗਏ

ਸਿੱਧਵਾਂ ਬੇਟ, 12 ਮਈ (ਪੋਸਟ ਬਿਊਰੋ)- ਕੱਲ੍ਹ ਤੜਕੇ ਸਿੱਧਵਾਂ ਬੇਟ ਦੇ ਆਈ ਸੀ ਆਈ ਸੀ ਆਈ ਬੈਂਕ ਵਾਲੇ ਏ ਟੀ ਐਮ ਦੇ ਸਕਿਓਰਿਟੀ ਗਾਰਡ ਨੂੰ ਬੰਦੀ ਬਣਾ ਕੇ ਨਕਾਬਪੋਸ਼ 10 ਲੱਖ ਰੁਪਏ ਨਾਲ ਭਰਿਆ ਏ ਟੀ ਐੱਮ ਪੁੱਟ ਕੇ ਮੋਟਰ ਸਾਈਕਲ ਉੱਤੇ ਲੈ ਗਏ। ਪੁਲਸ ਨੇ 12 ਘੰਟੇ ਦੀ ਜੱਦੋ-ਜਹਿਦ ਤੋਂ ਬਾਅਦ ਏ ਟੀ ਐੱਮ ਮਸ਼ੀਨ ਸਮੇਤ ਲੁਟੇਰਾ ਗਿਰੋਹ ਦੇ ਕਈ ਗੁਰਗੇ ਗ੍ਰਿਫਤਾਰ ਕਰ ਲਏ, ਪਰ ਪੁਲਸ ਨੇ ਇਸ ਦੀ ਪੁਸ਼ਟੀ ਨਹੀ ਕੀਤੀ।

ਪ੍ਰਾਪਤ ਜਾਣਕਾਰੀ ਅਨੁਸਾਰ ਸਿੱਧਵਾਂ ਬੇਟ ਦੇ ਲੁਧਿਆਣਾ ਰੋਡ ਉਤੇ ਆਈ ਸੀ ਸੀ ਆਈ ਬੈਂਕ ਦੇ ਏ ਟੀ ਐੱਮ 'ਤੇ ਤੜਕੇ ਕਰੀਬ 2.30 ਵਜੇ ਮੋਟਰ ਸਾਈਕਲਾਂ 'ਤੇ ਅੱਧੀ ਦਰਜਨ ਨਕਾਬਪੋਸ਼ ਆਏ, ਜਿਨ੍ਹਾਂ ਏ ਟੀ ਐੱਮ ਉਤੇ ਡਿਊਟੀ ਕਰ ਰਹੇ ਗਾਰਡ ਹਰਮਨਦੀਪ ਸਿੰਘ ਲਾਡੀ ਨੂੰ ਰਿਵਾਲਵਰ ਵਿਖਾ ਕੇ ਬਾਹਰ ਕੱਢ ਲਿਆ ਅਤੇ ਉਸ ਦਾ ਮੂੰਹ ਬੰਨ੍ਹ ਕੇ ਨਾਲ ਦੀ ਦੁਕਾਨ ਦੇ ਬਾਹਰ ਬਿਠਾ ਕੇ ਖੁਦ ਏ ਟੀ ਐੱਮ ਪੁੱਟਣਾ ਸ਼ੁਰੂ ਕਰ ਦਿੱਤਾ। ਲੁਟੇਰਿਆਂ ਨੇ ਏ ਟੀ ਐੱਮ ਮਸ਼ੀਨ ਪੁੱਟੀ ਤੇ ਮੋਟਰ ਸਾਈਕਲ ਉਤੇ ਰੱਖ ਲਿਆ। ਉਹ ਬੰਦੀ ਬਣਾਏ ਗਾਰਡ ਨੂੰ ਮੋਟਰ ਸਾਈਕਲ 'ਤੇ ਬਿਠਾ ਕੇ ਨਾਲ ਲੈ ਗਏ। ਕੁਝ ਦੂਰ ਪੁੱਜ ਕੇ ਲੁਟੇਰਿਆਂ ਨੇ ਏ ਟੀ ਐਮ ਮਸ਼ੀਨ ਟਰੈਕਟਰ 'ਤੇ ਰੱਖ ਲਈ। ਕਰੀਬ ਪੰਜ ਵਜੇ ਗਾਰਡ ਨੂੰ ਰਸਤੇ ਵਿੱਚ ਛੱਡ ਕੇ ਫਰਾਰ ਹੋ ਗਏ। ਗਾਰਡ ਨੇ ਇਸ ਦੀ ਸੂਚਨਾ ਸਿੱਧਵਾਂ ਬੇਟ ਪੁਲਸ ਨੂੰ ਦਿੱਤੀ। ਐੱਸ ਐੱਸ ਪੀ ਵਰਿੰਦਰ ਸਿੰਘ ਬਰਾੜ ਪੁਲਸ ਪਾਰਟੀ ਸਮੇਤ ਪੁੱਜੇ। ਇਸ ਮਗਰੋਂ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ 12 ਘੰਟੇ ਦੀ ਜੱਦੋਜਹਿਦ ਤੋਂ ਬਾਅਦ ਪੁਲਸ ਨੇ ਗੈਂਗ ਦੇ ਕੁਝ ਗੁਰਗਿਆਂ ਨੂੰ ਏ ਟੀ ਐੱਮ ਮਸ਼ੀਨ ਸਮੇਤ ਕਾਬੂ ਕਰ ਲਿਆ, ਪਰ ਪੁਸ਼ਟੀ ਨਹੀਂ ਕੀਤੀ।

# ਤੇਜ਼ ਰਫਤਾਰ ਬੱਸ ਨੇ ਮੋਟਰ ਸਾਈਕਲ ਸਵਾਰ ਟੀਚਰ ਕੁਚਲਿਆ


ਲੁਧਿਆਣਾ, 12 ਮਈ (ਪੋਸਟ ਬਿਊਰੋ)- ਬਸਤੀ ਜੋਧੇਵਾਲ ਚੌਕ ਕੋਲ ਪੈਪਸੂ ਰੋਡਵੇਜ਼ ਟਰਾਂਸਪੋਰਟ ਕੰਪਨੀ (ਪੀ ਆਰ ਟੀ ਸੀ) ਦੀ ਤੇਜ਼ ਰਫਤਾਰ ਬੱਸ ਨੇ ਮੋਟਰ ਸਾਈਕਲ ਸਵਾਰ ਕੰਪਿਊਟਰ ਟੀਚਰ ਕੁਚਲ ਕੇ ਮਾਰ ਦਿੱਤਾ। ਮ੍ਰਿਤਕ ਦੀ ਪਛਾਣ ਨਿਊ ਸੁਭਾਸ਼ ਨਗਰ ਦੇ ਅਰਵਿੰਦ ਕੁਮਾਰ (40) ਵਜੋਂ ਹੋਈ ਹੈ। ਉਹ ਆਪਣੇ ਮੋਟਰ ਸਾਈਕਲ 'ਤੇ ਸਮਰਾਲਾ ਚੌਕ ਵੱਲ ਜਾ ਰਿਹਾ ਸੀ, ਉਸੇ ਸਮੇਂ ਪਿੱਛਿਓਂ ਆਈ ਤੇਜ਼ ਰਫਤਾਰ ਬੱਸ ਉਤੇ 'ਤੇ ਚੜ੍ਹ ਗਈ। ਇਸ ਹਾਦਸੇ ਕਾਰਨ ਗੁੱਸੇ 'ਚ ਆਈ ਭੀੜ ਨੇ ਬੱਸ ਨੂੰ ਅੱਗ ਲਾ ਦਿੱਤੀ। ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪੁੱਜ ਕੇ ਅੱਗ ਉਤੇ ਕਾਬੂ ਪਾਇਆ। ਇਸ ਤੋਂ ਪਹਿਲਾਂ ਕਿ ਸਥਿਤੀ ਹੋਰ ਭਿਆਨਕ ਰੂਪ ਧਾਰਦੀ, ਪੁਲਸ ਨੇ ਬਲ ਦੀ ਵਰਤੋਂ ਕਰਦੇ ਹੋਏ ਉਸ 'ਤੇ ਕਾਬੂ ਪਾ ਲਿਆ।




ਮੌਕੇ ਉੱਤੇ ਪੁੱਜੇ ਅਸਿਸਟੈਂਟ ਪੁਲਸ ਕਮਿਸ਼ਨਰ ਦਵਿੰਦਰ ਚੌਧਰੀ ਨੇ ਮ੍ਰਿਤਕ ਦੇ ਪਰਵਾਰ ਨੂੰ ਭਰੋਸਾ ਦਿੱਤਾ ਕਿ ਦੋਸ਼ੀ ਨੂੰ ਸਖਤ ਸਜ਼ਾ ਦਿਵਾਈ ਜਾਵੇਗੀ। ਟਿੱਬਾ ਪੁਲਸ ਨੇ ਬੱਸ ਚਾਲਕ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਅਰਵਿੰਦਰ ਦੇ ਪਿਤਾ ਸੁਰਜੀਤ ਕੁਮਾਰ ਇੰਡੀਅਨ ਓਵਰਸੀਜ਼ ਬੈਂਕ ਦੇ ਬਰਾਂਚ ਮੈਨੇਜਰ ਰਹਿ ਚੁੱਕੇ ਹਨ। ਨਿਊ ਸੁਭਾਸ਼ ਨਗਰ ਵਿੱਚ ਉਨ੍ਹਾਂ ਦਾ ਇਕ ਨਿੰਜੀ ਸਕੂਲ ਹੈ, ਜਿਥੇ ਅਰਵਿੰਦ ਬੱਚਿਆਂ ਨੂੰ ਕੰਪਿਊਟਰ ਸਿਖਾਉਂਦਾ ਸੀ। ਉਸ ਦੀਆਂ ਦੋ ਬੇਟੀਆਂ ਹਨ।

ਚੋਣ ਦਫਤਰ ਨੇ ਪੁੱਛਿਆ:

# ਪ੍ਰੋਗਰਾਮ ਲਈ ਯੂਨੀਵਰਸਿਟੀ ਵਿੱਚ ਪਹਿਲਾਂ ਬੁਕਿੰਗ ਕੀਤੀ ਸੀ ਜਾਂ ਨਹੀਂ



ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਚੰਡੀਗੜ੍ਹ ਚੋਣ ਦਫਤਰ ਨੇ ਪੰਜਾਬ ਯੂਨੀਵਰਸਿਟੀ (ਪੀ ਯੂ) ਦੇ ਵੀ ਸੀ (ਵਾਈਸ ਚਾਂਸਲਰ) ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਕੀ ਅੱਠ ਮਈ ਨੂੰ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਹਾਲ ਵਿੱਚ ਹੋਣ ਵਾਲੇ ਪ੍ਰੋਗਰਾਮ ਲਈ ਪਹਿਲਾਂ ਯੂਨੀਵਰਸਿਟੀ ਵੱਲੋਂ ਬੁਕਿੰਗ ਕੀਤੀ ਗਈ ਸੀ। ਜੇ ਹਾਂ ਤਾਂ ਇਹ ਰਾਜਨੀਤਕ ਪ੍ਰੋਗਰਾਮ ਕਿਵੇਂ ਸੀ? ਇਸ ਵਿੱਚ ਭਾਜਪਾ ਦੇ ਪ੍ਰਧਾਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੁਣਗਾਨ ਕਿਵੇਂ ਕੀਤਾ ਗਿਆ, ਜਦ ਕਿ ਚੋਣ ਜ਼ਾਬਤਾ ਲਾਗੂ ਹੈ। ਕਿਉਂ ਨਾ ਚੋਣ ਜ਼ਾਬਤੇ ਦੀ ਉਲੰਘਣਾ ਲਈ ਤੁਹਾਡੇ ਖਿਲਾਫ ਕਾਰਵਾਈ ਕੀਤੀ ਜਾਏ?

ਇਸ ਸੰਬੰਧ ਵਿੱਚ ਚੋਣ ਦਫਤਰ ਨੇ ਕਿਹਾ ਹੈ ਕਿ ਕੋਈ ਵੀ ਐਕਸ਼ਨ ਲੈਣ ਤੋਂ ਪਹਿਲਾਂ ਉਹ ਇਹ ਜਾਨਣਾ ਚਾਹੁੰਦੇ ਹਨ ਕਿ ਐਡਵੋਕੇਟ ਪੰਕਜ ਚੰਦਗੋਠੀਆ ਵੱਲੋਂ ਅੱਠ ਮਈ ਨੂੰ ਗੋਲਡਨ ਜੁਬਲੀ ਹਾਲ ਵਿੱਚ ਕੀਤੇ ਪ੍ਰੋਗਰਾਮ ਦੀ ਗੱਲ ਕੀਤੀ ਜਾ ਰਹੀ ਹੈ, ਕੀ ਇਹ ਦੋਸ਼ ਸਹੀ ਹਨ? ਕੀ ਇਹ ਪ੍ਰੋਗਰਾਮ ਪੀ ਯੂ ਨੇ ਕਰਾਇਆ ਸੀ।

# ਡੇਰਾ ਬਿਆਸ ਜਾਂਦੇ ਟੈਂਪੂ ਟਰੈਵਲਰ ਨੂੰ ਹਾਦਸਾ, 4 ਸ਼ਰਧਾਲੂਆਂ ਦੀ ਮੌਤ



ਕਿਸ਼ਨਗੜ੍ਹ, 12 ਮਈ (ਪੋਸਟ ਬਿਊਰੋ)- ਸਵੇਰੇ ਕਰੀਬ ਸਾਢੇ ਪੰਜ ਵਜੇ ਦੇ ਕਰੀਬ ਕਿਸ਼ਨਗੜ੍ਹ-ਕਰਤਾਰਪੁਰ ਸੜਕ 'ਤੇ ਸੈਕਰਡ ਹਾਰਟ ਕਾਨਵੈਂਟ ਸਕੂਲ ਕੋਲ ਤੇਜ਼ ਰਫਤਾਰ ਟੈਂਪੂ ਟਰੈਵਲਰ ਪਲਟਣ ਨਾਲ ਤਿੰਨ ਔਰਤਾਂ ਤੇ ਇੱਕ ਵਿਅਕਤੀ ਸਣੇ ਚਾਰ ਸਵਾਰਾਂ ਦੀ ਮੌਤ ਹੋ ਗਈ ਅਤੇ 11 ਜਣੇ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਥਾਨਕ ਲੋਕਾਂ ਤੇ ਪੁਲਸ ਚੌਕੀ ਕਿਸ਼ਨਗੜ੍ਹ ਦੇ ਮੁਲਾਜ਼ਮਾਂ ਨੇ ਜਲੰਧਰ ਦੇ ਨਿੱਜੀ ਹਸਪਤਾਲ 'ਚ ਦਾਖਲ ਕਰਾਇਆ।

ਪੁਲਸ ਚੌਕੀ ਕਿਸ਼ਨਗੜ੍ਹ ਦੇ ਇੰਚਾਰਜ ਏ ਐਸ ਆਈ ਬਲਵੀਰ ਸਿੰਘ ਬੁੱਟਰ ਨੇ ਦੱਸਿਆ ਕਿ ਸਵੇਰੇ ਹਿਮਾਚਲ ਪ੍ਰਦੇਸ਼ ਦੇ ਕਸਬਾ ਅੰਬ ਦੇ ਸਤਿਸੰਗ ਘਰ ਤੋਂ 15 ਸ਼ਰਧਾਲੂ ਟੈਂਪੂ ਟਰੈਵਲਰ ਰਾਹੀਂ ਬਿਆਸ ਦੇ ਡੇਰਾ ਬਿਆਸ ਵਿੱਚ ਸਤਿਸੰਗ ਸੁਣਨ ਜਾ ਰਹੇ ਸਨ। ਗੱਡੀ ਨੂੰ ਰਾਮ ਕ੍ਰਿਸ਼ਨ ਪੁੱਤਰ ਰੋਸ਼ਨ ਲਾਲ ਵਾਸੀ ਪੰਜੋਆ ਹਿਮਾਚਲ ਪ੍ਰਦੇਸ਼ ਚਲਾ ਰਿਹਾ ਸੀ। ਸ਼ਰਧਾਲੂਆਂ ਦਾ ਟੈਂਪੂ ਟਰੈਵਲਰ ਕਿਸ਼ਨਗੜ੍ਹ ਤੋਂ ਥੋੜ੍ਹਾ ਅੱਗੇ ਕਿਸ਼ਨਗੜ੍ਹ-ਕਰਤਾਰਪੁਰ ਸੜਕ ਉਤੇ ਸੈਕਰਡ ਹਾਰਟ ਕਾਨਵੈਂਟ ਸਕੂਲ ਕੋਲ ਪਹੁੰਚਿਆ ਤਾਂ ਸਪੀਡ ਬ੍ਰੇਕਰ ਕਾਰਨ ਤੇਜ਼ ਰਫਤਾਰ ਟੈਂਪੂ ਚਾਲਕ ਨੇ ਗੱਡੀ ਦੀਆਂ ਇਕਦਮ ਬ੍ਰੇਕਾਂ ਲਾ ਦਿੱਤੀਆਂ। ਰਫਤਾਰ ਤੇਜ਼ ਹੋਣ ਕਾਰਨ ਗੱਡੀ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਸਫੈਦੇ ਦੇ ਰੁੱਖ ਨਾਲ ਟਕਰਾ ਕੇ ਪਲਟ ਗਈ ਤੇ ਇਸ ਵਿੱਚ ਸਵਾਰ 15 ਜਣੇ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਜਲੰਧਰ ਦੇ ਕਪੂਰਥਲਾ ਚੌਕ 'ਚ ਇੱਕ ਨਿੱਜੀ ਹਸਪਤਾਲ ਦਾਖਲ ਕਰਾਇਆ, ਜਿੱਥੇ ਉਨ੍ਹਾਂ ਵਿੱਚੋਂ ਬਿਮਲਾ ਦੇਵੀ ਪਤਨੀ ਭਜਨ ਲਾਲ, ਸੋਨਾ ਦੇਵੀ ਪਤਨੀ ਹਰਨਾਮ ਦਾਸ, ਭਗਵਤੀ ਕੁਮਾਰੀ ਪਤਨੀ ਸਰਦਾਰੀ ਲਾਲ ਅਤੇ ਰਤਨ ਚੰਦ ਪੁੱਤਰ ਰੇਲੂ ਰਾਮ ਵਾਸੀ ਬਦੌਨ ਥਾਣਾ ਅੰਬ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।

# ਰਾਮ ਰਹੀਮ ਕਿਸੇ ਵੀ ਮੂੰਹ ਬੋਲੀ ਧੀ ਦੇ ਵਿਆਹ ਵਾਸਤੇ ਛੁੱਟ ਨਹੀਂ ਸਕੇਗਾ

ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਦੋ ਸਾਧਵੀਆਂ ਨਾਲ ਬਲਾਤਕਾਰ ਦਾ ਦੋਸ਼ੀ ਡੇਰਾ ਸੱਚਾ ਸੌਦਾ ਸਿਰਸਾ ਦਾ ਮੁਖੀ ਰਾਮ ਰਹੀਮ ਆਪਣੀ ਮੂੰਹ ਬੋਲੀ ਬੇਟੀ ਗੁਰਾਂਸ਼ ਹੀ ਨਹੀਂ, ਅੱਗੇ ਤੋਂ ਕਿਸੇ ਹੋਰ ਮੂੰਹ ਬੋਲੀ ਧੀ ਦੇ ਵਿਆਹ 'ਚ ਵੀ ਸ਼ਾਮਲ ਨਹੀਂ ਹੋ ਸਕੇਗਾ। ਇਹ ਗੱਲ ਮੁਕੱਦਮੇ ਦੀ ਕਾਰਵਾਈ ਤੋਂ ਪਤਾ ਲੱਗੀ ਹੈ। ਅਸਲ ਵਿੱਚ ਜਿਹੜੀ ਗੋਦ ਲਈ ਮੂੰਹ ਬੋਲੀ ਧੀ ਗੁਰਾਂਸ਼ ਇੰਸਾਂ ਦੇ 10 ਮਈ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਰਾਮ ਰਹੀਮ ਨੇ ਪਹਿਲਾਂ ਹਾਈ ਕੋਰਟ 'ਚ ਪੈਰੋਲ ਦੀ ਅਰਜ਼ੀ ਪਾਈ ਸੀ, ਉਸੇ ਗੁਰਾਂਸ਼ ਨੇ ਰਾਮ ਰਹੀਮ ਦੀ ਉਸ ਅਰਜ਼ੀ ਦੇ ਰੱਦ ਹੋਣ ਪਿੱਛੋਂ ਆਪ ਹਾਈ ਕੋਰਟ ਪਹੁੰਚ ਕਰਕੇ ਮੰਗ ਕੀਤੀ ਕਿ ਕੱਲ੍ਹ ਉਸ ਦਾ ਵਿਆਹ ਹੈ ਤੇ ਰਾਮ ਰਹੀਮ ਨੂੰ ਵਿਆਹ ਵਿੱਚ ਸ਼ਾਮਲ ਹੋਣ ਲਈ ਪੈਰੋਲ ਦਿੱਤੀ ਜਾਵੇ ਤੇ ਜੇ ਰਾਮ ਰਹੀਮ ਵਿਆਹ ਵਿੱਚ ਸ਼ਾਮਲ ਨਹੀਂ ਹੁੰਦਾ ਤਾਂ ਉਹ ਵਿਆਹ ਨਹੀਂ ਕਰਵਾਏਗੀ। ਜਸਟਿਸ ਕੁਲਦੀਪ ਸਿੰਘ ਨੇ ਇਸ ਅਰਜ਼ੀ ਦੀ ਸੁਣਵਾਈ ਵੇਲੇ ਪਟੀਸ਼ਨਰ ਤੋਂ ਪੁੱਛਿਆ ਕਿ ਰਾਮ ਰਹੀਮ ਦੇ ਕਿੰਨੀਆਂ ਧੀਆਂ ਹਨ ਤਾਂ ਦੱਸਿਆ ਗਿਆ ਕਿ ਦੋ ਸਕੀਆਂ ਅਤੇ 17 ਮੂੰਹ ਬੋਲੀਆਂ ਧੀਆਂ ਹਨ। ਇਸ ਅਰਜ਼ੀ ਦਾ ਸਰਕਾਰ ਨੇ ਵਿਰੋਧ ਕੀਤਾ ਅਤੇ ਦੱਸਿਆ ਕਿ ਰਾਮ ਰਹੀਮ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਅਤੇ ਇਕ ਪੱਤਰਕਾਰ ਦੇ ਕਤਲ ਕੇਸ 'ਚ ਸਜ਼ਾ ਭੁਗਤ ਰਿਹਾ ਹੈ ਤੇ ਉਸ ਦੇ ਬਾਹਰ ਆਉਣ ਨਾਲ ਕਾਨੂੰਨ ਵਿਵਸਥਾ ਵਿਗੜੇਗੀ ਅਤੇ ਬਾਹਰ ਆ ਕੇ ਜੇ ਉਹ ਨੱਸ ਗਿਆ ਤਾਂ ਫਿਰ ਗ੍ਰਿਫਤਾਰ ਕਰਨਾ ਮੁਸ਼ਕਲ ਹੋ ਜਾਵੇਗਾ।

ਗੁਰਾਂਸ਼ ਦੇ ਵਕੀਲ ਨੇ ਕਿਹਾ ਕਿ ਜੇ ਸਿਰਸਾ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜਨ ਦੀ ਸ਼ੰਕਾ ਹੈ ਤਾਂ ਚੋਣਾਂ ਪਿੱਛੋਂ ਕਿਸੇ ਹੋਰ ਥਾਂ ਜਾਣ ਲਈ ਤਾਂ ਭਵਿੱਖ 'ਚ ਰਾਮ ਰਹੀਮ ਨੂੰ ਜਾਣ ਦੀ ਆਗਿਆ ਦੇ ਦੇਣੀ ਚਾਹੀਦੀ ਹੈ। ਸਰਕਾਰ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੀ ਸਥਿਤੀ ਸਮੁੱਚੇ ਸੂਬੇ ਵਿੱਚ ਇਕੋ ਜਿਹੀ ਹੈ। ਇਸ ਉਤੇ ਹਾਈ ਕੋਰਟ ਨੇ ਕਿਹਾ ਕਿ ਰਾਮ ਰਹੀਮ ਨੂੰ ਬਾਹਰ ਆਉਣ ਦੀ ਇਜਾਜ਼ਤ ਨਹੀਂ ਮਿਲ ਸਕਦੀ। ਗੁਰਾਂਸ਼ ਦੇ ਵਕੀਲ ਨੇ ਅਰਜ਼ੀ ਵਾਪਸ ਲੈਣ ਦੀ ਇਜਾਜ਼ਤ ਮੰਗੀ, ਪਰ ਹਾਈ ਕੋਰਟ ਨੇ ਕਿਹਾ ਕਿ ਇਸ ਅਰਜ਼ੀ ਦਾ ਫੈਸਲਾ ਕਰਨਾ ਜ਼ਰੂਰੀ ਹੈ, ਕਿਉਂਕਿ ਜੇ ਅਰਜ਼ੀ ਵਾਪਸ ਲੈਣ ਦੀ ਛੋਟ ਦੇ ਦਿੱਤੀ ਗਈ ਤਾਂ ਬਾਕੀ 17 ਵਿੱਚੋਂ ਕੋਈ ਵੀ ਮੂੰਹ ਬੋਲੀ ਗੋਦ ਲਈ ਧੀ ਹਾਈ ਕੋਰਟ ਪਹੁੰਚ ਕਰ ਸਕਦੀ ਹੈ, ਇਸ ਲਈ ਰਾਮ ਰਹੀਮ ਨੂੰ ਇਸ ਆਧਾਰ 'ਤੇ ਪੈਰੋਲ ਦੀ ਮੰਗ ਰੱਦ ਕੀਤੀ ਜਾਂਦੀ ਹੈ। ਹਾਈ ਕੋਰਟ ਨੇ ਕਿਹਾ ਹੈ ਕਿ ਜੇ ਕਿਸੇ ਹੋਰ ਮੂੰਹ ਬੋਲੀ ਧੀ ਨੇ ਰਾਮ ਰਹੀਮ ਨੂੰ ਵਿਆਹ 'ਚ ਸ਼ਾਮਲ ਕਰਵਾਉਣ ਦੀ ਮੰਗ ਕੀਤੀ ਤਾਂ ਉਹ ਜੇਲ੍ਹ ਅਥਾਰਟੀ ਨਿਯਮਾਂ ਮੁਤਾਬਕ ਵੀਡੀਓ ਕਾਨਫਰੰਸਿੰਗ ਰਾਹੀਂ ਰਾਮ ਰਹੀਮ ਦੀ ਵਿਆਹ ਦੀ ਸ਼ਮੂਲੀਅਤ ਯਕੀਨੀ ਬਣਾਉਣ ਦਾ ਪ੍ਰਬੰਧ ਕਰੇ।

# ਸ਼ਾਦੀਸ਼ੁਦਾ ਨੇ ਧੋਖੇ ਨਾਲ ਵਿਆਹ ਕਰਵਾ ਕੇ ਕੁੜੀ ਨੂੰ ਛੱਡਿਆ

ਜਲਾਲਾਬਾਦ, 12 ਮਈ (ਪੋਸਟ ਬਿਊਰੋ)- ਇੱਕ ਸ਼ਾਦੀਸ਼ੁਦਾ ਨੌਜਵਾਨ ਨੇ ਲੜਕੀ ਨਾਲ ਵਿਆਹ ਕੀਤਾ ਅਤੇ ਮਸਾਂ ਪੰਜ ਦਿਨ ਬਾਅਦ ਛੱਡ ਕੇ ਚਲਾ ਗਿਆ। ਪੁਲਸ ਨੇ ਦੋਸ਼ੀ ਸਮੇਤ ਛੇ ਜਣਿਆਂ 'ਤੇ ਕੇਸ ਦਰਜ ਕੀਤਾ ਹੈ।



ਪੀੜਤ ਲੜਕੀ ਨੇ ਦੱਸਿਆ ਕਿ ਮਲਕੀਤ ਸਿੰਘ ਵਾਸੀ ਖੈਰੇ ਕੇ ਉਤਾੜ 11 ਅਪ੍ਰੈਲ ਨੂੰ ਉਸ ਨੂੰ ਗੁੰਮਰਾਹ ਕਰ ਕੇ ਢਾਣੀ ਮੁਨਸ਼ੀ ਰਾਮ ਦੇ ਗੁਰਦੁਆਰੇ ਵਿੱਚ ਲੈ ਗਿਆ। ਉਸ ਨਾਲ ਉਸ ਦੀ ਭਰਜਾਈ ਪ੍ਰਵੀਨ ਰਾਣੀ ਅਤੇ ਭੂਆ ਦਾ ਲੜਕਾ ਸੰਦੀਪ ਸਿੰਘ, ਦੋਸਤ ਜਗੀਰ ਸਿੰਘ ਅਤੇ ਦੋ ਅਣਪਛਾਤੇ ਵਿਅਕਤੀ ਸਨ। ਉਥੇ ਮਲਕੀਤ ਨੇ ਉਸ ਨਾਲ ਵਿਆਹ ਕੀਤਾ। ਉਸ ਦੇ ਬਾਅਦ 12 ਅਪ੍ਰੈਲ ਨੂੰ ਕੋਰਟ ਤੋਂ ਪ੍ਰੋਟੈਕਸ਼ਨ ਲੈ ਲਈ। ਦੋਸ਼ੀ ਉਸ ਨੂੰ ਡਬਵਾਲੀ ਲੈ ਗਿਆ ਜਿੱਥੇ ਚਾਰ ਦਿਨ ਰੱਖ ਕੇ ਸਰੀਰਕ ਸੰਬੰਧ ਬਣਾਏ। ਉਸ ਦੇ ਬਾਅਦ 15 ਤਰੀਕ ਨੂੰ ਉਸ ਨੂੰ ਹੁਸ਼ਿਆਰਪੁਰ ਦੇ ਪਿੱਪਲਾਂਵਾਲੀ ਵਿੱਚ ਰੱਖਿਆ। ਉਥੇ ਵੀ ਉਸ ਨਾਲ ਸਰੀਰਕ ਸੰਬੰਧ ਬਣਾਏ। ਪੀੜਤਾ ਮੁਤਾਬਕ ਇੱਕ ਦਿਨ ਮਲਕੀਤ ਸਿੰਘ ਘਰ ਨਹੀਂ ਆਇਆ ਤਾਂ ਉਸ ਨੇ ਫੋਨ ਕੀਤਾ ਤਾਂ ਕਹਿਣ ਲੱਗਾ ਕਿ ਮੈਂ ਪਹਿਲਾਂ ਤੋਂ ਵਿਆਹਿਆ ਹੈ। ਤੂੰ ਜਿੱਥੇ ਮਰਜ਼ੀ ਜਾ।


A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





# ਉਮੀਦਵਾਰ ਦੇ ਪੁੱਤਰ ਨੇ ਕੇਜਰੀਵਾਲ ਤੋਂ ਟਿਕਟ ਖਰੀਦਣ ਦਾ ਦੋਸ਼ ਲਾਇਆ

## * ਉਮੀਦਵਾਰ ਕਹਿੰਦੈ: ਪੁੱਤਰ ਮੇਰੇ ਨਾਲ ਹੀ ਨਹੀਂ ਰਹਿੰਦਾ



ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਪੱਛਮੀ ਦਿੱਲੀ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਵੀਰ ਸਿੰਘ ਜਾਖੜ ਦੇ ਬੇਟੇ ਉਦੇ ਜਾਖੜ ਨੇ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਉੱਤੇ ਟਿਕਟਾਂ ਵੇਚਣ ਦਾ ਦੋਸ਼ ਲਾਇਆ ਹੈ। ਉਦੇ ਜਾਖੜ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਟਿਕਟ ਦੇਣ ਲਈ 6 ਕਰੋੜ ਰੁਪਏ ਲਏ ਹਨ।

ਇਸ ਬਾਰੇ ਉਦੇ ਜਾਖੜ ਨੇ ਕਿਹਾ: 'ਮੇਰੇ ਪਿਤਾ ਸਿਰਫ 3 ਮਹੀਨੇ ਪਹਿਲਾਂ ਰਾਜਨੀਤੀ ਵਿਚ ਆਏ ਸਨ। ਉਨ੍ਹਾਂ ਨੇ ਟਿਕਟ ਲਈ ਅਰਵਿੰਦ ਕੇਜਰੀਵਾਲ ਨੂੰ 6 ਕਰੋੜ ਰੁਪਏ ਦਿੱਤੇ। ਮੇਰੇ ਕੋਲ ਇਸ ਦਾ ਸਬੂਤ ਅਹੈ, ਦੇਸ਼ ਦਾ ਨਾਗਰਿਕ ਤੇ ਇੱਕ ਪੁੱਤਰ ਹੋਣ ਕਾਰਨ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਸੱਚ ਦੱਸਾਂ। ਇਸ ਬਾਰੇ ਬਲਵੀਰ ਸਿੰਘ ਜਾਖੜ ਨੇ ਸਫ਼ਾਈ ਦਿੱਤੀ ਹੈ ਕਿ ਉਹਨਾਂ ਦਾ ਤਲਾਕ 2009 ਵਿਚ ਹੋ ਗਿਆ ਸੀ ਤੇ ਉਹ ਆਪਣੇ ਬੇਟੇ ਨੂੰ ਮਹੀਨੇ ਵਿਚ ਦੋ ਵਾਰ ਮਿਲਦੇ ਸਨ। ਬਲਵੀਰ ਸਿੰਘ ਨੇ ਕਿਹਾ ਕਿ 'ਉਦੇ ਸਿੰਘ ਮੇਰੇ ਨਾਲ ਨਹੀਂ ਰਹਿੰਦਾ, ਜਨਮ ਵੇਲੇ ਤੋਂ ਆਪਣੀ ਮਾਂ ਦੇ ਨਾਲ ਉਹ ਆਪਣੇ ਨਾਨਾ-ਨਾਨੀ ਕੋਲ ਰਹਿੰਦਾ ਰਿਹਾ ਹੈ, ਕਦੇ-ਕਦੇ ਕੁਝ ਚੀਜਾਂ ਲੈਣ ਲਈ ਮੈਨੂੰ ਫ਼ੋਨ ਜ਼ਰੂਰ ਕਰਦਾ ਸੀ। ਉਸ ਦੀ ਉਮਰ 17-18 ਸਾਲ ਹੈ, ਪਤਾ ਨਹੀਂ ਇਹ ਗੱਲਾਂ ਉਸ ਦੇ ਦਿਮਾਗ ਵਿਚ ਕਿਵੇਂ ਆਈਆਂ। ਮੈਂ ਇਨ੍ਹਾਂ ਸਭ ਗੱਲਾਂ ਦੀ ਨਿੰਦਾ ਕਰਦਾ ਹਾਂ।' ਹੈਰਾਨੀ ਦੀ ਗੱਲ ਹੈ ਕਿ ਉਦੇ ਜਾਖੜ ਨੇ ਕਿਹਾ ਕਿ ਮੇਰੇ ਪਿਤਾ ਕਦੇ ਅੰਨਾ ਹਜ਼ਾਰੇ ਅੰਦੋਲਨ ਨਾਲ ਨਹੀਂ ਜੁੜੇ, ਨਾ ਆਮ ਆਦਮੀ ਪਾਰਟੀ ਨਾਲ ਉਨ੍ਹਾਂ ਦਾ ਕੋਈ ਨਾਤਾ ਸੀ। ਟਿਕਟ ਲਈ ਪੈਸਾ ਸਿੱਧਾ ਕੇਜਰੀਵਾਲ ਅਤੇ ਗੋਪਾਲ ਰਾਏ ਨੂੰ ਦਿੱਤਾ ਗਿਆ, ਮੈਂ ਆਪਣੀ ਪੜ੍ਹਾਈ ਲਈ ਮੈਂ ਆਪਣੇ ਪਾਪਾ ਤੋਂ ਮਦਦ ਮੰਗੀ ਤਾਂ ਨਹੀਂ ਦੇ ਸਕੇ ਪਰ ਆਪਣੇ ਰਾਜਸੀ ਲਾਭ ਲਈ ਪੈਸੇ ਦੇਣ ਨੂੰ ਤਿਆਰ ਹੋ ਗਏ। ਉਸ ਦਾ ਦੋਸ਼ ਹੈ ਕਿ ਸਿੱਖ ਦੰਗਿਆਂ ਦੇ ਦੋਸ਼ੀ ਯਸ਼ਪਾਲ ਤੇ ਸੱਜਣ ਕੁਮਾਰ ਦੀ ਜ਼ਮਾਨਤ ਲਈ ਬਲਬੀਰ ਜਾਖੜ ਨੇ ਆਰਥਕ ਤੌਰ ਉੱਤੇ ਮਦਦ ਕੀਤੀ ਸੀ।

ਵੈਸਟ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਬੀਰ ਸਿੰਘ ਜਾਖੜ ਦਾ ਮੁਕਾਬਲਾ ਭਾਜਪਾ ਦੇ ਪ੍ਰਵੇਸ਼ ਸਾਹਿਬ ਸਿੰਘ ਅਤੇ ਕਾਂਗਰਸ ਦੇ ਮਹਾਬਲ ਮਿਸ਼ਰਾ ਨਾਲ ਹੈ। ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਵੇਸ਼ ਸਿੰਘ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਰਨੈਲ ਸਿੰਘ ਨੂੰ 2 ਲੱਖ 60 ਹਜ਼ਾਰ ਵੋਟਾਂ ਨਾਲ ਹਰਾਇਆ ਸੀ। ਓਦੋਂ ਕਾਂਗਰਸ ਦੇ ਮਹਾਂਬਲ ਮਿਸ਼ਰਾ ਤੀਸਰੇ ਸਥਾਨ ਉੱਤੇ ਰਹੇ ਸਨ।


# ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ਉਤੇ ਮੋਦੀ-ਸ਼ਾਹ ਦਾ ਪੱਖ ਲੈਣ ਦਾ ਮੋੜਵਾਂ ਦੋਸ਼ ਲਾਇਆ



ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਦੇ ਇੱਕ ਬਿਆਨ ਉੱਤੇ ਭਾਜਪਾ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ ਅਤੇ ਅੱਗੋਂ ਚੋਣ ਕਮਿਸ਼ਨ ਨੇ 1 ਮਈ ਨੂੰ ਰਾਹੁਲ ਗਾਂਧੀ ਨੂੰ ਕਾਰਨ ਦੱਸੋ ਨੋਟਿਸ ਭੇਜ ਕੇ ਜਵਾਬ ਮੰਗਿਆ ਸੀ, ਜਿਸ ਵਿੱਚ ਚੋਣ ਜ਼ਾਬਤੇ ਦੇ ਉਸ ਨੁਕਤੇ ਦਾ ਧਿਆਨ ਦਿਵਾਇਆ ਗਿਆ ਸੀ, ਜਿਹੜਾ ਕਿਸੇ ਵੀ ਰਾਜਨੀਤਕ ਵਿਰੋਧੀ ਦੇ ਖਿਲਾਫ ਗਲਤ ਦੋਸ਼ ਲਾਉਣ ਤੋਂ ਰੋਕਦਾ ਹੈ।

ਅੱਜ ਚੋਣ ਕਮਿਸ਼ਨ ਦੇ ਨੋਟਿਸ ਦੇ ਜਵਾਬ ਵਿੱਚ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਰਾਜਸੀ ਭਾਸ਼ਣ ਦੌਰਾਨ ਇੰਡੀਅਨ ਫਾਰੈਸਟ ਐਕਟ ਵਿੱਚ ਹੋਈ ਸੋਧ ਨੂੰ ਆਸਾਨ ਭਾਸ਼ਾ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਵਿੱਚ ਗੁੰਮਰਾਹ ਕਰਨ, ਗਲਤ ਮਤਲਬ ਕੱਢਣ ਜਾਂ ਝੂਠੀ ਗੱਲ ਬੋਲਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਜੇ ਬੋਲਣ ਦੀ ਆਜ਼ਾਦੀ ਨਹੀਂ ਤਾਂ ਚੋਣ ਕਰਾਉਣ ਦਾ ਉਦੇਸ਼ ਹੀ ਹਾਸਲ ਨਹੀਂ ਕੀਤਾ ਜਾ ਸਕੇਗਾ। ਇਸ ਦੇ ਨਾਲ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਬਿਆਨਾਂ ਦਾ ਜ਼ਿਕਰ ਕਰਦੇ ਹੋਏ ਚੋਣ ਕਮਿਸ਼ਨ ਨੂੰ ਪਾਰਦਰਸ਼ੀ, ਨਿਰਪੱਖ ਤੇ ਸੰਤੁਲਤ ਰੁਖ ਅਪਨਾਉਣ ਨੂੰ ਕਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੋਵਾਂ ਦੇ ਬਿਆਨ ਵਿਸਥਾਰਤ ਸਨ, ਪਰ ਇਸ ਉੱਤੇ ਚੋਣ ਕਮਿਸ਼ਨ ਦਾ ਫੈਸਲਾ ਸਮਝ ਤੋਂ ਪਰੇ ਹੈ। ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਚਲੰਤ ਲੋਕ ਸਭਾ ਚੋਣਾਂ ਵਿੱਚ ਅੱਜ ਤੱਕ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੂੰ 11 ਕੇਸਾਂ ਵਿੱਚ ਕਲੀਨ ਚਿੱਟ ਦੇ ਚੁੱਕਾ ਹੈ, ਜਿਥੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤੇ ਚੋਣ ਜ਼ਾਬਤੇ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ ਗਈ ਸੀ। ਚੋਣ ਕਮਿਸ਼ਨ ਨੇ ਜਿਨ੍ਹਾਂ ਕੇਸਾਂ ਉੱਤੇ ਮੋਦੀ-ਸ਼ਾਹ ਨੂੰ ਕਲੀਨ ਚਿੱਟ ਦਿੱਤੀ, ਉਸ ਬਾਰੇ ਕਮਿਸ਼ਨ ਉੱਤੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ ਅਤੇ ਕਾਂ-ਗਰਸ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਵੀ ਪਹੁੰਚੀ ਸੀ। ਮੋਦੀ-ਸ਼ਾਹ ਨੂੰ ਕਲੀਨ ਚਿੱਟ ਦੇਣ ਦੇ ਕਈ ਕੇਸਾਂ ਵਿੱਚ ਚੋਣ ਕਮਿਸ਼ਨ ਇੱਕ ਰਾਏ ਨਹੀਂ ਸੀ। ਇਨ੍ਹਾਂ ਕੇਸਾਂ ਵਿੱਚ ਫ਼ੈਸਲਾ ਲੈਣ ਦੀ ਜ਼ਿੰਮੇਵਾਰੀ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਅਤੇ ਦੋ ਚੋਣ ਕਮਿਸ਼ਨਰਾਂ ਅਸ਼ੋਕ ਲਵਾਸਾ ਤੇ ਸੁਸ਼ੀਲ ਚੰਦਰ ਦੀ ਸੀ। ਮੀਡੀਆ ਰਿਪੋਰਟਾਂ ਮੁਤਾਬਕ ਅਸ਼ੋਕ ਲਵਾਸਾ ਕਈ ਗੱਲਾਂ ਵਿੱਚ ਮੋਦੀ-ਸ਼ਾਹ ਨੂੰ ਕਲੀਨ ਚਿੱਟ ਦੇਣ ਦੇ ਪੱਖ ਵਿੱਚ ਨਹੀਂ ਸਨ ਅਤੇ 9 ਅਪ੍ਰੈਲ ਨੂੰ ਮਹਾਰਾਸ਼ਟਰ ਦੇ ਲਾਤੂਰ ਵਿੱਚ ਦਿੱਤੇ ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਨੂੰ ਦੋ ਲੋਕਲ ਚੋਣ ਅਫਸਰਾਂ ਨੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਵਿਰੁੱਧ ਮੰਨਿਆ ਸੀ। ਇਸ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ, 'ਮੈਂ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੀ ਤੁਹਾਡਾ ਪਹਿਲਾ ਵੋਟ ਪਾਕਿਸਤਾਨ ਦੇ ਬਾਲਾਕੋਟ ਵਿੱਚ ਏਅਰ ਸਟ੍ਰਾਈਕ ਕਰਨ ਵਾਲੇ ਵੀਰ ਜਵਾਨਾਂ ਦੇ ਨਾਮ ਸਮਰਪਤ ਹੋ ਸਕਦਾ ਹੈ? ਮੈਂ ਮੇਰੇ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਲਵਾਮਾ ਵਿੱਚ ਜੋ ਵੀਰ ਸ਼ਹੀਦ ਹੋਏ, ਉਨ੍ਹਾਂ ਵੀਰ ਸ਼ਹੀਦਾਂ ਦੇ ਨਾਮ ਤੁਹਾਡਾ ਵੋਟ ਸਮਰਪਿਤ ਹੋ ਸਕਦਾ ਹੈ ਕੀ?' ਚੋਣ ਕਮਿਸ਼ਨ ਨੇ ਇਸ ਕੇਸ ਵਿੱਚ 2-1 ਦੀ ਬਹੁ-ਸੰਮਤੀ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਤੇ ਇਸ ਫੈਸਲੇ ਵਿੱਚ ਦਲੀਲ ਦਿੱਤੀ ਗਈ ਸੀ ਕਿ ਪ੍ਰਧਾਨ ਮੰਤਰੀ ਮੋਦੀ ਨੇ ਬਾਲਾਕੋਟ ਏਅਰ ਸਟ੍ਰਾਈਕ ਦਾ ਜ਼ਿਕਰ ਕਰਦੇ ਹੋਏ ਆਪਣੇ ਲਈ ਜਾਂ ਆਪਣੀ ਪਾਰਟੀ ਲਈ ਵੋਟ ਨਹੀਂ ਮੰਗੇ।

# ਨਰਵਾਣਾ ਵਿੱਚ ਰਾਤ ਰੁਕਣ ਲਈ ਮੁੱਖ ਮੰਤਰੀ ਖੱਟਰ ਨੂੰ ਕੋਰਟ ਤੋਂ ਇਜਾਜ਼ਤ ਲੈਣੀ ਪਈ



ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਚੋਣ ਪ੍ਰਚਾਰ ਦਾ ਸਮਾਂ ਲੰਘ ਜਾਣ ਪਿੱਛੋਂ ਆਪਣੇ ਹੀ ਸੂਬੇ ਵਿੱਚ ਰਾਤ ਕੱਟਣ ਲਈ ਹਾਈ ਕੋਰਟ ਦੀ ਸ਼ਰਨ ਲੈਣੀ ਪਈ ਹੈ। ਹਾਈ ਕੋਰਟ ਨੇ ਕੱਲ੍ਹ ਰਾਤ 11.30 ਵਜੇ ਉਨ੍ਹਾਂ ਨੂੰ ਨਰਵਾਣਾ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਤਾਂ ਕਿ ਮੁੱਖ ਮੰਤਰੀ ਆਪਣੇ ਸੂਬੇ ਵਿੱਚ ਰਾਤ ਰਹਿਣ ਲਾਇਕ ਹੋ ਸਕੇ, ਕਿਉਂਕਿ ਚੋਣ ਅਧਿਕਾਰੀ ਨੇ ਓਥੇ ਰਹਿਣ ਤੋਂ ਰੋਕ ਦਿੱਤਾ ਸੀ।

ਅਸਲ ਵਿੱਚ 12 ਮਈ ਐਤਵਾਰ ਨੂੰ ਲੋਕ ਸਭਾ ਲਈ ਹਰਿਆਣਾ ਵਿਚਲੀਆਂ ਸੀਟਾਂ ਦੀ ਚੋਣ ਹੋਣ ਵਾਸਤੇ ਪ੍ਰਚਾਰ ਸ਼ੁੱਕਰਵਾਰ ਸ਼ਾਮ ਪੰਜ ਵਜੇ ਸਮਾਪਤ ਹੋ ਚੁੱਕਾ ਸੀ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਡੱਬਵਾਲੀ ਤੋਂ ਚੰਡੀਗੜ੍ਹ ਆ ਰਹੇ ਸਨ ਤੇ ਸ਼ਾਮ ਨੂੰ ਨਰਵਾਣਾ ਵਿਖੇ ਰੁਕ ਗਏ ਤੇ ਉਨ੍ਹਾਂ ਨੇ ਜ਼ਿਲਾ ਜੀਂਦ ਦੇ ਚੋਣ ਅਫਸਰ ਤੋਂ ਨਰਵਾਣਾ ਰੈਸਟ ਹਾਊਸ ਵਿਖੇ ਰਹਿਣ ਦੀ ਇਜਾਜ਼ਤ ਮੰਗੀ, ਪਰ ਚੋਣ ਜ਼ਾਬਤਾ ਲੱਗੇ ਹੋਣ ਕਾਰਨ ਉਨ੍ਹਾਂ ਨੂੰ ਨਿਯਮਾਂ ਦਾ ਹਵਾਲਾ ਦੇ ਕੇ ਰਾਤ ਕੱਟਣ ਲਈ ਇਜਾਜ਼ਤ ਨਹੀਂ ਦਿੱਤੀ ਗਈ, ਜਿਸ ਕਾਰਨ ਉਨ੍ਹਾਂ ਨੂੰ ਰਾਤ ਵੇਲੇ ਹਾਈ ਕੋਰਟ ਨੂੰ ਅਰਜ਼ੀ ਦੇਣੀ ਪਈ। ਚੀਫ ਜਸਟਿਸ ਨੇ ਮੁੱਖ ਮੰਤਰੀ ਖੱਟਰ ਦੀ ਅਰਜ਼ੀ ਉਤੇ ਸੁਣਵਾਈ ਲਈ ਜਸਟਿਸ ਰਜੀਵ ਸ਼ਰਮਾ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੀ ਡਵੀਜ਼ਨ ਬੈਂਚ ਬਣਾਈ ਤਾਂ ਖੱਟਰ ਵੱਲੋਂ ਪੇਸ਼ ਹੋਏ ਵਕੀਲਾਂ ਨੇ ਕਿਹਾ ਕਿ ਖੱਟਰ ਪਿਛਲੇ ਕਈ ਦਿਨਾਂ ਤੋਂ ਚੋਣ ਪ੍ਰਚਾਰ ਵਿੱਚ ਰੁਝੇ ਹੋਏ ਸਨ ਤੇ ਕੱਲ੍ਹ ਸ਼ਾਮੀਂ ਡੱਬਵਾਲੀ ਤੋਂ ਚੰਡੀਗੜ੍ਹ ਆ ਰਹੇ ਸਨ ਤੇ ਥਕਾਵਟ ਹੋਣ ਕਾਰਨ ਉਨ੍ਹਾਂ ਨੂੰ ਨਰਵਾਣਾ ਵਿਖੇ ਰੁਕਣਾ ਪੈ ਗਿਆ, ਜਿਹੜਾ ਗੈਰ ਰਾਜਸੀ ਠਹਿਰਾਓ ਹੈ, ਪਰ ਜ਼ਿਲਾ ਚੋਣ ਅਫਸਰ ਨੇ ਬਗੈਰ ਕੋਈ ਠੋਸ ਕਾਰਨ ਦੱਸਿਆਂ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। ਵਕੀਲਾਂ ਨੇ ਕਿਹਾ ਕਿ ਖੱਟਰ ਅਗਲੀ ਸਵੇਰੇ ਹੀ ਚੰਡੀਗੜ੍ਹ ਲਈ ਰਵਾਨਾ ਹੋ ਜਾਣਗੇ, ਸਿਰਫ ਰਾਤ ਕੱਟਣ ਦੀ ਇਜਾਜ਼ਤ ਦਿੱਤੀ ਜਾਵੇ। ਰਾਤ 11.30 ਵਜੇ ਬੈਂਚ ਨੇ ਉਨ੍ਹਾਂ ਨੂੰ ਇਜਾਜ਼ਤ ਦੇ ਦਿੱਤੀ।

# ਨਵਜੋਤ ਸਿੱਧੂ ਦੀ ਰੈਲੀ ਵਾਲੇ ਥਾਂ ਭਾਜਪਾ ਅਤੇ ਕਾਂਗਰਸੀ ਵਰਕਰਾਂ ਵਿਚਾਲੇ ਪੱਥਰਬਾਜ਼ੀ

ਰਤਲਾਮ, 12 ਮਈ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਉਜੈਨ ਪਾਰਲੀਮੈਂਟਰੀ ਖੇਤਰ ਵਿਚਲੇ ਰਤਲਾਮ ਜ਼ਿਲੇ ਦੇ ਆਲੋਟ ਸ਼ਹਿਰ ਵਿੱਚ ਸ਼ਨੀਵਾਰ ਦੁਪਹਿਰ ਕਾਂਗਰਸ ਦੀ ਰੈਲੀ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਵਰਕਰਾਂ ਦਾ ਵਿਵਾਦ ਹੋਇਆ, ਜਿਸ ਵਿੱਚ ਲਾਠੀਆਂ ਚੱਲੀਆਂ ਅਤੇ ਪਥਰਾਅ ਹੋਇਆ।

ਅੱਖੀਂ ਦੇਖਣ ਵਾਲਿਆਂ ਦੇ ਅਨੁਸਾਰ ਆਲੋਟ ਦੇ ਵਿਕਰਮ ਕਲੱਬ ਮੈਦਾਨ ਵਿੱਚ ਸਵੇਰੇ 10.30 ਵਜੇ ਕਾਂਗਰਸ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਦੀ ਰੈਲੀ ਰੱਖੀ ਗਈ ਸੀ। ਉਸ ਨੂੰ ਦੇਖਣ ਆਏ ਲੋਕ ਕਰੀਬ ਢਾਈ ਘੰਟੇ ਉਡੀਕ ਕਰਦੇ ਰਹੇ, ਪਰ ਪਿੱਛੋਂ ਪਤਾ ਲੱਗਾ ਕਿ ਸਿੱਧੂ ਦਾ ਪ੍ਰੋਗਰਾਮ ਰੱਦ ਹੋ ਗਿਆ ਹੈ। ਇਸੇ ਦੌਰਾਨ ਸਭਾ ਵਾਲੀ ਥਾਂ ਪੁੱਜੇ ਭਾਜਪਾ ਅਤੇ ਕਾਂਗਰਸ ਦੇ ਵਰਕਰ ਭਿੜ ਗਏ ਤੇ ਪੱਥਰਬਾਜ਼ੀ ਹੋ ਗਈ, ਜਿਸ ਵਿੱਚ ਕੁਝ ਵਰਕਰ ਜ਼ਖਮੀ ਹੋ ਗਏ। ਕਰੀਬ ਅੱਧਾ ਘੰਟਾ ਲੰਮੇ ਵਿਵਾਦ ਤੋਂ ਬਾਅਦ ਪੁਲਸ ਦੋਸ਼ੀ ਵਰਕਰਾਂ ਨੂੰ ਫੜ ਕੇ ਥਾਣੇ ਲੈ ਗਈ। ਇਸ ਬਾਰੇ ਦੋਵਾਂ ਧਿਰਾਂ ਦੇ ਨੇਤਾਵਾਂ ਨੇ ਇੱਕ ਦੂਸਰੇ ਉੱਤੇ ਦੋਸ਼ ਲਾਏ ਹਨ। ਕਾਂਗਰਸ ਨੇਤਾ ਤੇ ਜ਼ਿਲਾ ਪੰਚਾਇਤ ਦੇ ਸਾਬਕਾ ਉੱਪ ਪ੍ਰਧਾਨ ਵੀਰੇਂਦਰ ਸਿੰਘ ਸੋਲੰਕੀ ਦਾ ਕਹਿਣਾ ਹੈ ਕਿ ਭਾਜਪਾ ਵਰਕਰ ਹੱਥਾਂ ਵਿੱਚ ਕਾਲੇ ਝੰਡੇ ਲੈ ਕੇ ਸਭਾ ਵਿੱਚ ਕੇ ਨਾਅਰੇਬਾਜ਼ੀ ਕਰਨ ਲੱਗੇ ਸਨ, ਜੇ ਉਨ੍ਹਾਂ ਵਿਰੋਧ ਪ੍ਰਦਰਸ਼ਨ ਕਰਨਾ ਸੀ ਤਾਂ ਰਾਹ ਵਿੱਚ ਕਿਤੇ ਵੀ ਕਰ ਸਕਦੇ ਸਨ, ਪਰ ਸਭਾ ਵਾਲੀ ਥਾਂ ਪੁੱਜ ਕੇ ਨਾਅਰੇਬਾਜ਼ੀ ਕਰਨ ਨਾਲ ਅੱਗੋਂ ਕਾਂਗਰਸ ਵਰਕਰ ਵੀ ਨਾਰਾਜ਼ ਹੋ ਗਏ ਤੇ ਉਨ੍ਹਾਂ ਨੇ ਭਾਜਪਾਈਆਂ ਨੂੰ ਭਜਾ ਦਿੱਤਾ। ਸਥਾਨਕ ਵਿਧਾਇਕ ਮਨੋਜ ਚਾਵਲਾ ਅਨੁਸਾਰ ਭਾਜਪਾ ਨੇਤਾਵਾਂ ਦੀ ਹਰਕਤ ਤੋਂ ਕਾਂਗਰਸ ਦੇ ਵਰਕਰ ਗੁੱਸੇ ਹੋ ਗਏ।

ਇਸ ਦੇ ਉਲਟ ਭਾਜਪਾ ਦੇ ਜ਼ਿਲਾ ਕਨਵੀਨਰ ਪ੍ਰਹਲਾਦ ਸਿੰਘ ਪਰਿਹਾਰ ਨੇ ਕਿਹਾ ਕਿ ਸਭਾ ਵਾਲੀ ਉਸ ਥਾਂ ਦੇ ਨੇੜੇ ਭਾਜਪਾ ਨੇਤਾ ਤੇ ਜ਼ਿਲਾ ਪ੍ਰਧਾਨ ਕਾਲੂਸਿੰਘ ਪਰਿਹਾਰ ਦੀ ਦੁਕਾਨ ਹੈ, ਜਿੱਥੇ ਕੁਝ ਭਾਜਪਾ ਵਰਕਰ ਬੈਠੇ ਸਨ ਕਿ ਅਚਾਨਕ ਕਾਂਗਰਸੀ ਵਰਕਰਾਂ ਨੇ ਓਥੇ ਆ ਕੇ ਭਾਜਪਾ ਵਰਕਰਾਂ ਉੱਤੇ ਹਮਲਾ ਕਰ ਦਿੱਤਾ। ਇਸ ਪਿੱਛੋਂ ਕੇਸ ਵਿੱਚ ਭਾਜਪਾ ਵਰਕਰਾਂ ਨੂੰ ਗ੍ਰਿਫਤਾਰ ਕਰਨ ਦੇ ਵਿਰੋਧ ਵਿੱਚ ਭਾਜਪਾ ਵਾਲਿਆਂ ਨੇ ਥਾਣੇ ਵਿੱਚ ਧਰਨਾ ਦਿੱਤਾ। ਭਾਜਪਾ ਨੇਤਾਵਾਂ ਨੇ ਕਿਹਾ ਕਿ ਇਸ ਘਟਨਾ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਜਾਵੇਗੀ।

# ਮੋਦੀ ਤੇ ਮੰਤਰੀਆਂ ਨੇ ਉਡਾਰੀਆਂ ਉੱਤੇ 393 ਕਰੋੜ ਖਰਚੇ



ਮੁੰਬਈ, 12 ਮਈ (ਪੋਸਟ ਬਿਊਰੋ)- ਸੂਚਨਾ ਅਧਿਕਾਰ (ਆਰ ਟੀ ਆਈ) ਹੇਠ ਮੰਗੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਨੇ ਪੰਜ ਸਾਲਾਂ ਵਿੱਚ ਵਿਦੇਸ਼ ਤੇ ਘਰੇਲੂ ਦੌਰਿਆਂ ਉੱਤੇ ਸਰਕਾਰੀ ਖਜ਼ਾਨੇ 'ਚੋਂ 393 ਕਰੋੜ ਰੁਪਏ ਦਾ ਖਰਚਾ ਕੀਤਾ ਹੈ।

ਮੁੰਬਈ ਵਿਚਲੇ ਆਰ ਟੀ ਆਈ ਕਾਰਕੁਨ ਅਨਿਲ ਗਲਗਲੀ ਨੇ ਪ੍ਰਧਾਨ ਮੰਤਰੀ ਦਫਤਰ ਤੋਂ ਜਾਣਕਾਰੀ ਮੰਗੀ ਤੇ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਵੱਲੋਂ ਮਈ 2014 ਤੋਂ ਹੁਣ ਤੱਕ ਵਿਦੇਸ਼ ਯਾਤਰਾਵਾਂ (ਐੱਫ ਟੀ ਈ) ਤੇ ਘਰੇਲੂ ਯਾਤਰਾ 'ਤੇ ਆਏ ਖਰਚ (ਡੀ ਟੀ ਈ) ਦਾ ਵੇਰਵਾ ਮੰਗਿਆ ਸੀ। ਮੋਦੀ ਸਰਕਾਰ ਨੇ ਦਸੰਬਰ 2018 ਵਿੱਚ ਰਾਜ ਸਭਾ ਵਿੱਚ ਵਿਦੇਸ਼ੀ ਦੌਰਿਆਂ ਮੌਕੇ ਆਏ ਖਰਚ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਜੂਨ 2014 ਮਗਰੋਂ ਕੀਤੀਆਂ ਵਿਦੇਸ਼ ਯਾਤਰਾਵਾਂ 'ਤੇ 2021 ਕਰੋੜ ਤੋਂ ਵੱਧ ਖਰਚਾ ਆਇਆ ਸੀ। ਆਰ ਟੀ ਆਈ ਤੋਂ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਕੈਬਨਿਟ ਵੱਲੋਂ ਕੀਤੀਆਂ ਵਿਦੇਸ਼ ਤੇ ਘਰੇਲੂ ਯਾਤਰਾਵਾਂ 'ਤੇ ਕ੍ਰਮਵਾਰ 263 ਕਰੋੜ ਅਤੇ 48 ਕਰੋੜ ਰੁਪਏ ਦਾ ਖਰਚ ਆਇਆ ਹੈ। ਜਿੱਥੋਂ ਤੱਕ ਕੇਂਦਰੀ ਰਾਜ ਮੰਤਰੀਆਂ ਦੀ ਗੱਲ ਹੈ ਤਾਂ ਉਨ੍ਹਾਂ ਵਿਦੇਸ਼ ਤੇ ਘਰੇਲੂ ਫੇਰੀਆਂ 'ਤੇ ਕ੍ਰਮਵਾਰ 29 ਕਰੋੜ ਤੇ 53 ਕਰੋੜ ਰੁਪਏ ਖਰਚੇ ਹਨ। ਕੈਬਨਿਟ ਮਾਮਲਿਆਂ ਬਾਰੇ ਪੇਅ ਤੇ ਅਕਾਊਂਟ ਦਫਤਰ ਦੇ ਸੀਨੀਅਰ ਅਧਿਕਾਰੀ ਸਤੀਸ਼ ਗੋਇਲ ਨੇ ਜਾਣਕਾਰੀ ਦਿੱਤੀ ਕਿ ਵਿੱਤੀ ਸਾਲ 2014-15 ਤੋਂ 2018-19 ਦੇ ਅਰਸੇ ਦੌਰਾਨ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਕੈਬਨਿਟ ਵੱਲੋਂ ਐੱਫ ਟੀ ਈ ਅਤੇ ਡੀ ਟੀ ਈ ਉਤੇ ਕੀਤਾ ਸਮੁੱਚਾ ਖਰਚਾ 393.58 ਕਰੋੜ ਸੀ।

# ਅਯੁੱਧਿਆ ਕੇਸ 'ਚ ਸੁਪਰੀਮ ਕੋਰਟ ਨੇ ਸਾਲਸੀ ਪੈਨਲ ਨੂੰ 15 ਅਗਸਤ ਤੱਕ ਹੋਰ ਸਮਾਂ ਦਿੱਤਾ



ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਸੁਪਰੀਮ ਕੋਰਟ ਵੱਲੋਂ ਅਯੁੱਧਿਆ ਦੇ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਵਾਲੇ ਕੇਸ ਦੇ ਕਿਸੇ ਸਮਝੌਤੇ ਲਈ ਬਣਾਏ ਗਏ ਵਿਚੋਲਗੀ ਪੈਨਲ ਨੇ ਆਪਣੀ ਅੰਤ੍ਰਿਮ ਰਿਪੋਰਟ ਅੱਜ ਬੰਦ ਲਿਫ਼ਾਫੇ ਵਿੱਚ ਕੋਰਟ ਨੂੰ ਸੌਂਪ ਕੇ ਏਦਾਂ ਦੀ ਕਾਰਵਾਈ ਪੂਰੀ ਕਰਨ ਲਈ ਹੋਰ ਸਮੇਂ ਦੀ ਮੰਗ ਕੀਤੀ, ਜਿਸ ਨੂੰ ਅਦਾਲਤ ਨੇ ਮੰਨ ਕੇ ਇਸ ਸਾਲਸੀ ਪੈਨਲ ਨੂੰ 15 ਅਗਸਤ ਤਕ ਦਾ ਸਮਾਂ ਦੇ ਦਿੱਤਾ ਹੈ।

ਚੀਫ਼ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਅੱਜ ਇਸ ਅਹਿਮ ਕੇਸ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਅਸੀਂ ਇਹ ਨਹੀਂ ਦੱਸਣ ਲੱਗੇ ਕਿ ਵਿਚੋਲਗੀ ਦੇ ਕੰਮ ਦੀ ਹਾਲੇ ਤੱਕ ਸਥਿਤੀ ਕੀ ਹੈ, ਇਹ ਗੁਪਤ ਹੈ। ਸੁਣਵਾਈ ਕਰ ਰਹੇ ਇਸ ਬੈਂਚ ਵਿੱਚ ਚੀਫ਼ ਜਸਟਿਸ ਦੇ ਨਾਲ ਜਸਟਿਸ ਐੱਸ ਏ ਬੋਬਡੇ, ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਐੱਸ ਅਬਦੁੱਲ ਨਜ਼ੀਰ ਸ਼ਾਮਲ ਸਨ। ਵਰਨਣ ਯੋਗ ਹੈ ਕਿ ਕਈ ਦਹਾਕਿਆਂ ਤੋਂ ਅਦਾਲਤ ਵਿੱਚ ਘੁੰਮਦੇ ਅਤੇ ਸਿਆਸੀ ਪੱਖੋਂ ਸੰਵੇਦਨਸ਼ੀਲ ਅਯੁੱਧਿਆ ਰਾਮ ਜਨਮ ਭੂਮੀ ਵਿਵਾਦ ਦੇ ਕੇਸ ਦਾ ਹੱਲ ਗੱਲਬਾਤ ਨਾਲ ਲੱਭਣ ਲਈ ਅੱਠ ਮਾਰਚ ਨੂੰ ਪਿਛਲੀ ਸੁਣਵਾਈ ਦੇ ਦੌਰਾਨ ਸੁਪਰੀਮ ਕੋਰਟ ਨੇ ਸਾਬਕਾ ਜਸਟਿਸ ਫਕੀਰ ਮੁਹੰਮਦ ਇਬਰਾਹੀਮ ਕਲੀਫੁੱਲਾ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਸਾਲਸੀ ਪੈਨਲ ਬਣਾਇਆ ਤੇ ਇਸ ਨੂੰ ਅੱਠ ਹਫ਼ਤੇ ਦਾ ਸਮਾਂ ਦੇ ਕੇ ਚਾਰ ਹਫ਼ਤੇ ਬਾਅਦ ਪਹਿਲੀ ਪ੍ਰਗਤੀ ਰਿਪੋਰਟ ਮੰਗੀ ਸੀ। ਇਸ ਪੈਨਲ ਵਿੱਚ ਧਾਰਮਿਕ ਆਗੂ ਸ਼੍ਰੀ ਸ਼੍ਰੀ ਰਵੀਸ਼ੰਕਰ ਅਤੇ ਸੀਨੀਅਰ ਵਕੀਲ ਸ਼੍ਰੀਰਾਮ ਪੰਚੂ ਵੀ ਹਨ। ਕੋਰਟ ਨੇ ਪੈਨਲ ਦੀ ਕਾਰਵਾਈ ਪੂਰੀ ਤਰ੍ਹਾਂ ਗੁਪਤ ਰੱਖਣ ਨੂੰ ਕਿਹਾ ਸੀ ਤਾਂ ਜੋ ਸਮਝੌਤੇ ਦੀ ਪ੍ਰਕਿਰਿਆ ਪ੍ਰਭਾਵਿਤ ਨਾ ਹੋਵੇ। ਇਸ ਪੈਨਲ ਦੇ ਦੋ ਮਹੀਨੇ ਪੂਰੇ ਹੋਣ ਉੱਤੇ ਅਦਾਲਤ ਦੇ ਆਦੇਸ਼ ਮੁਤਾਬਕ ਅੰਤ੍ਰਿਮ ਰਿਪੋਰਟ ਪੇਸ਼ ਕਰ ਦਿੱਤੀ ਹੈ।

ਜਦੋਂ ਇਹ ਪੈਨਲ ਬਣਾਇਆ ਗਿਆ ਤਾਂ ਨਿਰਮੋਹੀ ਅਖਾੜੇ ਨੂੰ ਛੱਡ ਕੇ ਰਾਮਲੱਲਾ ਬਿਰਾਜਮਾਨ ਤੇ ਹੋਰ ਹਿੰਦੂ ਧਿਰਾਂ ਨੇ ਇਸ ਨੂੰ ਵਿਚੋਲਗੀ ਲਈ ਭੇਜਣ ਦਾ ਵਿਰੋਧ ਕੀਤਾ ਸੀ, ਪਰ ਮੁਸਲਿਮ ਪੱਖ ਤੇ ਨਿਰਮੋਹੀ ਅਖਾੜਾ ਨੇ ਸਹਿਮਤੀ ਦਿੱਤੀ ਸੀ। ਕੋਰਟ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣ ਕੇ ਸਮਝੌਤੇ ਲਈ ਪੈਨਲ ਬਣਾ ਦਿੱਤਾ ਤੇ ਕਿਹਾ ਸੀ ਕਿ ਗੱਲਬਾਤ ਨਾਲ ਮਾਮਲਾ ਹੱਲ ਕਰਨ ਲਈ ਵਿਚੋਲਗੀ ਪੈਨਲ ਭੇਜਣ ਵਿੱਚ ਕੋਈ ਕਾਨੂੰਨੀ ਰੁਕਾਵਟ ਨਜ਼ਰ ਨਹੀਂ ਆਉਂਦੀ।

# ਬੰਗਲੌਰ ਤੋਂ ਦਿੱਲੀ ਦਾ ਤਿੰਨ ਘੰਟੇ ਦਾ ਹਵਾਈ ਸਫਰ 15 ਘੰਟੇ ਲਾ ਕੇ ਪੂਰਾ ਹੋਇਆ



ਨਾਗਪੁਰ, 12 ਮਈ (ਪੋਸਟ ਬਿਊਰੋ)- ਸਪਾਈਸ ਜੈੱਟ ਦੇ ਦੋ ਬੋਇੰਗ ਯਾਤਰੀ ਜਹਾਜ਼ਾਂ ਨੂੰ ਉਡਾਣ ਵੇਲੇ ਤਕਨੀਕੀ ਨੁਕਸ ਕਾਰਨ ਮੁੰਬਈ ਅਤੇ ਨਾਗਪੁਰ ਵਿੱਚ ਐਮਰਜੈਂਸੀ ਵਿੱਚ ਉਤਾਰਿਆ ਗਿਆ। ਇਸ ਨਾਲ ਬੰਗਲੌਰ ਤੋਂ ਦਿੱਲੀ ਦਾ ਤਿੰਨ ਘੰਟੇ ਦੇ ਸਫਰ ਵਿੱਚ 15 ਘੰਟੇ ਲੱਗ ਗਏ।

ਯਾਤਰੀਆਂ ਅਤੇ ਸਪਾਈਸ ਜੈੱਟ ਦੇ ਦੱਸਣ ਅਨੁਸਾਰ ਜਹਾਜ਼ ਨੇ ਬੰਗਲੌਰ ਤੋਂ ਦਿੱਲੀ ਦੇ ਲਈ ਸ਼ੁੱਕਰਵਾਰ ਰਾਤ 10 ਵਜੇ ਉਡਾਣ ਭਰਨੀ ਸੀ, ਪਰ ਇਸ ਨੇ ਡੇਢ ਘੰਟੇ ਦੀ ਦੇਰੀ ਨਾਲ 11.30 ਵਜੇ ਉਡਾਣ ਭਰੀ। ਇਸ ਵਿੱਚ ਕੁਝ ਤਕਨੀਕੀ ਖਰਾਬੀ ਆਉਣ ਉਤੇ ਪਾਇਲਟ ਨੇ ਏ ਟੀ ਸੀ ਤੋਂ ਨਾਗਪੁਰ ਵਿੱਚ ਐਮਰਜੈਂਸੀ ਲੈਂਡਿੰਗ ਦੀ ਮਨਜ਼ੂਰੀ ਲਈ ਤੇ ਰਾਤ ਡੇਢ ਵਜੇ ਨਾਗਪੁਰ ਹਵਾਈ ਅੱਡੇ 'ਤੇ ਉਤਾਰਿਆ। ਜਹਾਜ਼ ਵਿੱਚ 152 ਯਾਤਰੀ ਸਨ। ਐਮਰਜੈਂਸੀ ਲੈਂਡਿੰਗ ਪਿੱਛੋਂ ਯਾਤਰੀਆਂ ਨੂੰ ਜਹਾਜ਼ ਵਿੱਚ ਕਰੀਬ ਛੇ ਘੰਟੇ ਤੱਕ ਬਿਠਾ ਕੇ ਰੱਖਿਆ ਗਿਆ ਅਤੇ ਫਿਰ ਚਾਰ ਘੰਟੇ ਤੱਕ ਏਅਰਪੋਰਟ ਟਰਮੀਨਲ ਵਿੱਚ ਬਿਠਾਇਆ ਗਿਆ। ਇਸ ਦੌਰਾਨ ਉਨ੍ਹਾਂ ਨੂੰ ਸਿਰਫ ਸਨੈਕਸ ਦਿੱਤੇ ਗਏ। ਫਿਰ ਦੂਸਰਾ ਜਹਾਜ਼ ਆਇਆ, ਜਿਸ ਦੇ ਰਾਹੀਂ ਯਾਤਰੀਆਂ ਨੂੰ ਦਿੱਲੀ ਭੇਜਿਆ ਗਿਆ।

ਸਪਾਈਸ ਜੈੱਟ ਦੀ ਦੂਸਰੀ ਉਡਾਣ ਨੇ ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕੱਲ੍ਹ ਸਵੇਰੇ ਕਰੀਬ ਸਾਢੇ ਸੱਤ ਵਜੇ ਚੇਨਈ ਦੇ ਲਈ ਉਡਾਣ ਭਰੀ ਸੀ, ਪਰੰਤੂ ਜਹਾਜ਼ ਵਿੱਚ ਤਕਨੀਕੀ ਖਰਾਬੀ ਦਾ ਪਤਾ ਲੱਗਾ ਅਤੇ ਉਸ ਨੂੰ 16 ਮਿੰਟ ਦੇ ਬਾਅਦ ਹੀ ਵਾਪਸ ਮੁੰਬਈ ਹਵਾਈ ਅੱਡੇ 'ਤੇ ਉਤਾਰਿਆ ਗਿਆ। ਜਹਾਜ਼ ਦੀ ਤਕਨੀਕੀ ਗੜਬੜੀ ਠੀਕ ਕਰਨ ਦੇ ਬਾਅਦ ਜਹਾਜ਼ 10 ਵਜੇ ਚੇਨਈ ਦੇ ਲਈ ਰਵਾਨਾ ਕੀਤਾ ਗਿਆ। ਇਸ ਜਹਾਜ਼ ਦੇ ਯਾਤਰੀਆਂ ਦੀ ਗਿਣਤੀ ਦੇ ਬਾਰੇ ਵਿੱਚ ਕੰਪਨੀ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਇਹ ਦੋਵੇਂ ਜਹਾਜ਼ ਬੋਇੰਗ 737 ਸਨ।

# ਤਾਲਿਬਾਨ ਬਾਰੇ ਭਾਰਤ ਤੇ ਚੀਨ ਦੀ ਇੱਕੋ ਜਿਹੀ ਚਿੰਤਾ

ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਅਫਗਾਨਿਸਤਾਨ 'ਚ ਤਾਲਿਬਾਨ ਦੇ ਸੱਤਾ 'ਚ ਵਾਪਸ ਲੈਣ ਬਾਰੇ ਭਾਰਤ ਅਤੇ ਚੀਨ ਦੀ ਬਰਾਬਰ ਚਿੰਤਾ ਹੈ। ਅਫਗਾਨਿਸਤਾਨ ਦੇ ਹਾਲਾਤ 'ਤੇ ਭਾਰਤ ਤੇ ਚੀਨ ਵਿਚਕਾਰ ਖਾਸ ਵਿਚਾਰ ਵਟਾਂਦਰਾ ਹੋਇਆ। ਇਹ ਵਾਰਤਾ ਵਿਦੇਸ਼ ਸਕੱਤਰ ਵਿਜੇ ਗੋਖਲੇ ਤੇ ਚੀਨ ਦੇ ਵਿਸ਼ੇਸ਼ ਦੂਤ ਡੇਂਗ ਸ਼ਿਆਜੁਨ ਵਿਚਕਾਰ ਹੋਈ। ਦੋਵਾਂ ਦੇਸ਼ਾਂ ਵਿਚਾਲੇ ਇਸ ਗੱਲ ਦੀ ਸਹਿਮਤੀ ਬਣੀ ਕਿ ਉਹ ਸਾਂਝੇ ਤੌਰ 'ਤੇ ਅਫਗਾਨਿਸਤਾਨ ਦੀ ਸਥਿਤੀ ਉੱਤੇ ਨਜ਼ਰ ਰੱਖਣਗੇ ਤੇ ਸੂਚਨਾਵਾਂ ਸਾਂਝੀਆਂ ਕਰਦੇ ਰਹਿਣਗੇ। ਦੋਵੇਂ ਦੇਸ਼ ਮਿਲ ਕੇ ਅਫਗਾਨਿਸਤਾਨ ਸਰਕਾਰ ਨੂੰ ਪ੍ਰਸ਼ਾਸਨਿਕ ਮਦਦ ਦੇਣ ਦੀ ਯੋਜਨਾ ਪਹਿਲਾਂ ਹੀ ਚਲਾ ਰਹੇ ਹਨ।







# ਸੰਸਾਰ ਦਾਬੇ ਹੇਠ ਪਾਕਿ ਨੇ 11 ਦਹਿਸ਼ਤੀ ਸੰਗਠਨਾਂ ਉਤੇ ਪਾਬੰਦੀ ਲਾਈ

ਲਾਹੌਰ, 12 ਮਈ (ਪੋਸਟ ਬਿਊਰੋ)- ਸੰਸਾਰ ਦਬਾਅ ਕਾਰਨ ਪਾਕਿ ਸਰਕਾਰ ਨੇ ਵਿਦੇਸ਼ਾਂ ਦੇ ਦਾਨ ਵਜੋਂ ਰਾਸ਼ੀ ਲੇਣ ਕਰ ਕੇ ਉਸ ਨੂੰ ਹਵਾਲਾ ਦੇ ਰਸਤੇ ਦਹਿਸ਼ਤੀ ਸੰਗਠਨਾਂ ਨੂੰ ਪਹੁੰਚਾਉਣ ਬਾਰੇ ਗੁਪਤ ਰਿਪੋਰਟ ਉੱਤੇ ਜਮਾਤ-ਏ-ਉਲ-ਦਾਵਾ ਦੇ 11 ਸੰਗਠਨਾਂ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਸਾਰੇ ਸੰਗਠਨ ਅੰਤਰਰਾਸ਼ਟਰੀ ਦਹਿਸ਼ਤਗਰਦ ਹਾਫਿਜ ਸਈਦ ਤੇ ਮਸੂਦ ਅਜ਼ਹਰ ਜੈਸ਼-ਏ-ਮੁਹੰਮਦ ਨਾਲ ਸੰਬੰਧਤ ਹਨ। ਇਨ੍ਹਾਂ ਸੰਗਠਨਾਂ ਨੇ ਕੁਝ ਸੰਗਠਨ ਫਰਜ਼ੀ ਨਾਵਾਂ ਨਾਲ ਟਰੱਸਟ ਦਾ ਰੂਪ ਦੇ ਕੇ ਬਣਾ ਰੱਖੇ ਸੀ, ਜੋ ਹਵਾਲਾ ਦੇ ਰਾਹੀਂ ਇਹ ਰਾਸ਼ੀ ਦਹਿਸ਼ਤੀ ਸੰਗਠਨਾਂ ਨੂੰ ਪਹੁੰਚਾਉਂਦੇ ਸਨ।



ਇਸ ਬਾਰੇ ਪਾਕਿਸਤਾਨ ਸਰਕਾਰ ਨੇ ਕੱਲ੍ਹ ਆਪਣੇ ਅੱਤਵਾਦ ਵਿਰੋਧੀ ਕਾਨੂੰਨ 1997 ਅਧੀਨ ਹੁਕਮ ਜਾਰੀ ਕਰ ਕੇ ਇਨ੍ਹਾਂ ਸਾਰੇ ਸੰਗਠਨਾਂ 'ਤੇ ਪਾਬੰਦੀ ਲਾ ਦਿੱਤੀ ਹੈ। ਜਾਣਕਾਰ ਸੂਤਰਾਂ ਅਨੁਸਾਰ ਜਿਨ੍ਹਾਂ ਸੰਗਠਨਾਂ 'ਤੇ ਪਾਬੰਦੀ ਲਾਈ ਗਈ ਹੈ ਉਨ੍ਹਾਂ ਵਿੱਚ ਅਲ ਅਵਫਾਲ ਟਰੱਸਟ ਲਾਹੌਰ, ਅਦਾਰਾ ਖਿਦਮਤ ਇਖਲਾਕ ਲਾਹੌਰ, ਅਲ ਦਾਵਤ ਉਲ ਇਰਸ਼ਾਦ ਲਾਹੌਰ, ਅਲ ਹਾਮਿਦ ਟਰੱਸਟ ਫੈਸਲਾਬਾਦ, ਮਸਜਿਦ ਅਤੇ ਵੈਲਫੇਅਰ ਟਰੱਸਟ ਲਾਹੌਰ, ਅਲ ਮਦੀਨਾ ਫਾਊਂਡੇਸ਼ਨ ਲਾਹੌਰ, ਮਜਬਿਨਸਜਬਲ ਐਜੂਕੇਸ਼ਨ ਟਰੱਸਟ ਲਾਹੌਰ, ਅਲ ਫਜ਼ਲ ਫਾਊਂਡੇਸ਼ਨ ਲਾਹੌਰ, ਅਲ ਰਹਿਮਤ ਟਰੱਸਟ ਆਰਗੇਨਾਈਜ਼ੇਸ਼ਨ ਬਹਾਵਲਪੁਰ ਅਤੇ ਅਲ ਫਰਕਾਨ ਟਰੱਸਟ ਕਰਾਚੀ ਸ਼ਾਮਲ ਹਨ। ਇਨ੍ਹਾਂ ਵਿੱਚ ਅਲ ਰਹਿਮਦ ਟਰੱਸਟ ਆਰਗੇਨਾਈਜ਼ੇਸਨ ਬਹਾਵਲਪੁਰ ਅਤੇ ਅਲ ਫਰਕਾਨ ਟਰੱਸਟ ਕਰਾਚੀ ਜੈਸ਼-ਏ-ਮੁਹੰਮਦ ਸੰਗਠਨ ਨਾਲ ਸੰਬੰਧਤ ਹੈ। ਇਸੇ ਤਰ੍ਹਾਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੀ ਸਰਕਾਰ ਨੇ ਹਰ ਤਰ੍ਹਾਂ ਅੰਤਰਰਾਸ਼ਟਰੀ ਸੈਰ ਸਪਾਟਾ ਨੂੰ ਪਾਕਿਸਤਾਨ ਵਾਲੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ ਅਤੇ ਇਹ ਹੁਕਮ ਦੇਰ ਰਾਤ ਤੱਕ ਜਾਰੀ ਕੀਤਾ ਗਿਆ। ਇਹ ਵੀ ਖਬਰ ਮਿਲੀ ਹੈ ਕਿ ਪਾਕਿਸਤਾਨ 'ਚ ਜਮਾਤ-ਉਦ-ਦਾਅਵਾ ਦੀਆਂ 500 ਤੋਂ ਵੱਧ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਗਿਆ ਹੈ।

# ਯੂ ਐਨ ਪਲਾਸਟਿਕ ਕਚਰਾ ਸਮਝੌਤੇ ਲਈ ਅਮਰੀਕਾ ਤਿਆਰ ਨਹੀਂ

ਜਿਨੇਵਾ, 12 ਮਈ (ਪੋਸਟ ਬਿਊਰੋ)- ਦੁਨੀਆ ਦੇ ਲਗਭਗ ਹਰ ਦੇਸ਼ ਨੇ ਪਲਾ-ਸਟਿਕ ਕਚਰੇ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਘੱਟ ਕਰਨ ਦੇ ਕਾਨੂੰਨੀ ਢਾਂਚੇ 'ਤੇ ਸਹਿਮਤੀ ਜਤਾਈ ਹੈ, ਪਰ ਅਮਰੀਕਾ ਇਸ 'ਤੇ ਸਹਿਮਤ ਨਹੀਂ ਹੋਇਆ।



ਯੂ ਐਨ ਓ ਦੇ ਵਾਤਾਵਰਣ ਅਧਿਕਾਰੀਆਂ ਨੇ ਦੱਸਿਆ ਕਿ ਪਲਾ-ਸਟਿਕ ਕਚਰੇ ਅਤੇ ਜ਼ਹਿਰੀਲੇ ਰਸਾਇਣਾਂ ਨਾਲ ਜੁੜੀ ਯੂ ਐਨ ਸਪਾਂਸਰਡ ਸੰਧੀਆਂ ਉਤੇ ਦੋ ਹਫਤੇ ਦੀ ਬੈਠਕ ਦੇ ਸਮਾਪਤੀ ਮੌਕੇ 'ਤੇ ਹਜ਼ਾਰਾਂ ਪ੍ਰਕਾਰ ਦੇ ਪਲਾਸਟਿਕ ਕਚਰੇ ਦਾ ਪਤਾ ਲਾਉਣ ਦਾ ਸਮਝੌਤਾ ਕੀਤਾ ਗਿਆ। ਵੱਡੇ ਪੱਧਰ 'ਤੇ ਪਲਾਸਟਿਕ ਕਚਰਾ ਧਰਤੀ, ਸਮੁੰਦਰ ਤੇ ਨਦੀਆਂ ਵਿੱਚ ਮੌਜੂਦ ਹਨ, ਜੋ ਜੰਗਲੀ ਜੀਵਨ ਦੇ ਲਈ ਖਤਰਾ ਪੈਦਾ ਕਰਦਾ ਹੈ ਅਤੇ ਕਈ ਵਾਰ ਇਹ ਜਨਲੇਵਾ ਹੁੰਦਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਅਮਰੀਕਾ ਵਰਗੇ ਕੁਝ ਦੇਸ਼ ਜਿਨ੍ਹਾਂ ਨੇ ਇਸ ਸੰਧੀ 'ਤੇ ਦਸਤਖਤ ਨਹੀਂ ਵੀ ਕੀਤੇ, ਉਹ ਵੀ ਇਸ ਤੋਂ ਉਸ ਸਮੇਂ ਪ੍ਰਭਾਵਤ ਹੋਣ, ਜਦ ਉਹ ਇਸ ਸਮਝੌਤੇ ਵਿੱਚ ਸ਼ਾਮਲ ਦੇਸ਼ਾਂ ਨੂੰ ਸਮੁੰਦਰੀ ਰਸਤੇ ਤੋਂ ਪਲਾਸਟਿਕ ਕਚਰਾ ਭੇਜਣਗੇ। ਪਲਾ-ਸਟਿਕ ਕਚਰਾ ਨਿਪਟਾਣ ਬਾਰੇ ਅਮਰੀਕਾ ਨੂੰ ਛੱਡ ਕੇ ਵਿਸ਼ਵ ਦੇ 187 ਦੇਸ਼ਾਂ ਨੇ ਇਤਿਹਾਸਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ ਜਿਸ ਦੇ ਤਹਿਤ ਵਿਕਸਿਤ ਦੇਸ਼ਾਂ ਨੂੰ ਵਿਕਾਸਸ਼ੀਲ ਦੇਸ਼ਾਂ ਵਿੱਚ ਪਲਾਸਟਿਕ ਅਵਸ਼ੇਸ਼ ਭੇਜਣ ਤੋਂ ਪਹਿਲਾਂ ਉਥੋਂ ਦੀਆਂ ਸਰਕਾਰਾਂ ਤੋਂ ਮਨਜ਼ੂਰੀ ਲੈਣਾ ਜ਼ਰੂਰੀ ਹੋਵੇਗਾ। ਯੂ ਐਨ ਨੇ ਐਲਾਨ ਕੀਤਾ ਕਿ ਦੁਨੀਆ ਦੇ ਕਰੀਬ ਸਾਰੇ ਦੇਸ਼ ਪਲਾਸਟਿਕ ਦੇ ਅਜਿਹੇ ਅਵਸ਼ੇਸ਼, ਜਿਨ੍ਹਾਂ ਦਾ ਰਿਸਾਈਕਲਿੰਗ ਨਾ ਹੋ ਸਕੇ, ਨੂੰ ਗਰੀਬ ਦੇਸ਼ਾਂ ਵਿੱਚ ਭੇਜਣ 'ਤੇ ਪਾਬੰਦੀ ਲਾਉਣ 'ਤੇ ਸਹਿਮਤ ਹੋਏ ਹਨ। ਅਮਰੀਕਾ ਅਤੇ ਹੋਰ ਵਿਕਸਤ ਦੇਸ਼ਾਂ ਨੂੰ ਅੱਗੋਂ ਹੇਠਲੇ ਪੱਧਰ ਜਾਂ ਰਿਸਾਈਕਲਿੰਗ ਦੇ ਅਯੋਗ ਪਲਾਸਟਿਕ ਕਚਰਾ ਭੇਜਣ ਤੋਂ ਪਹਿਲਾਂ ਗਰੀਬ ਦੇਸ਼ਾਂ ਤੋਂ ਮਨਜ਼ੂਰੀ ਲੈਣੀ ਹੋਵੇਗੀ।

## ਫੇਸਬੁੱਕ ਉੱਤੇ ਟਿੱਪਣੀਆਂ ਕਾਰਨ ਗੁਰਪਾਲ ਸਿੰਘ ਦੀ ਟਿਕਟ ਕੱਟੀ ਗਈ

ਸਿਡਨੀ, 12 ਮਈ (ਪੋਸਟ ਬਿਊਰੋ)- ਫੇਸਬੁੱਕ 'ਤੇ ਕੀਤੀਆਂ ਟਿੱਪਣੀਆਂ ਕਾਰਨ ਆਸਟਰੇਲੀਆ ਵਿੱਚ ਪਾਰਲੀਮੈਂਟ ਚੋਣ ਲੜ ਰਹੇ ਪੰਜਾਬੀ ਗੁਰਪਾਲ ਸਿੰਘ ਨੂੰ ਸਿਆਸਤ ਤੋਂ ਹੱਥ ਧੋਣੇ ਪੈ ਗਏ ਹਨ। ਪਤਾ ਲੱਗਾ ਹੈ ਕਿ ਚੰਡੀਗੜ੍ਹ ਨਾਲ ਸਬੰਧਤ ਅਤੇ ਕਿੱਤੇ ਵਜੋਂ ਵਕੀਲ ਗੁਰਪਾਲ ਸਿੰਘ ਨੇ ਮੁਆਫੀ ਮੰਗ ਕੇ ਖਹਿੜਾ ਛੁਡਾਇਆ ਹੈ। ਉਸ ਨੇ ਹਲਕਾ ਸਕਲਿਨ ਦੀ ਸੀਟ ਤੋਂ ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰ ਵਜੋਂ ਅਸਤੀਫਾ ਦੇ ਦਿੱਤਾ ਹੈ। ਉਹ ਵੱਲੋਂ ਫੈਡਰਲ ਪਾਰਲੀਮੈਂਟ ਦੀ ਚੋਣ ਲੜ ਰਿਹਾ ਸੀ। ਇਥੋਂ ਦਹਾਕਿਆਂ ਤੋਂ ਲੇਬਰ ਪਾਰਟੀ ਜਿੱਤਦੀ ਆ ਰਹੀ ਹੈ। ਦੇਸ਼ ਵਿੱਚ 18 ਮਈ ਨੂੰ ਚੋਣਾਂ ਹਨ। ਪ੍ਰਧਾਨ ਮੰਤਰੀ ਸਕੌਟ ਮਾਰੀਸਨ ਨੇ ਗੁਰਪਾਲ ਦਾ ਚੋਣ ਅਮਲ ਤੋਂ ਹਟਣ ਦਾ ਸਵਾਗਤ ਕੀਤਾ ਹੈ। ਲਿਬਰਲ ਪਾਰਟੀ ਨੇ ਵੀ ਗੁਰਪਾਲ ਨੂੰ ਪਾਰਟੀ ਤੋਂ ਬਾਹਰ ਦਾ ਰਾਹ ਵਿਖਾ ਦਿੱਤਾ ਹੈ। ਲਿਬਰਲ ਬੁਲਾਰੇ ਨੇ ਕਿਹਾ ਕਿ ਗੁਰਪਾਲ ਸਿੰਘ ਨੂੰ ਸਕਲਿਨ ਹਲਕੇ ਦੇ ਉਮੀਦਵਾਰ ਵਜੋਂ ਅਸਤੀਫਾ ਦੇਣ ਲਈ ਕਿਹਾ ਗਿਆ ਸੀ। ਅਸਲ ਵਿੱਚ ਗੁਰਪਾਲ ਨੇ ਫੇਸਬੁੱਕ ਉਤੇ ਪਿਛਲੇ ਸਾਲ ਬਲਾਤਕਾਰ ਪੀੜਤ ਪੰਜਾਬੀ ਔਰਤ ਬਾਰੇ ਪਈ ਪੋਸਟ 'ਤੇ ਟਿਪਣੀ ਕਰਦਿਆਂ ਆਲੋਚਨਾ ਕੀਤੀ ਅਤੇ ਪੀੜਤ ਔਰਤ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਵਿਚਾਰ ਦਿੱਤੇ ਸਨ ਕਿ ਪੀੜਤ ਤਾਂ ਉਸ ਦਾ ਪਤੀ ਹੈ, ਉਸ ਨੂੰ ਇਸ ਕਥਿਤ ਪੀੜਤਾ ਲਈ ਕੋਈ ਹਮਦਰਦੀ ਨਹੀਂ ਸੀ। ਪੰਜਾਬੀ ਔਰਤ ਦੀ ਆਲੋਚਨਾ ਕਰਦਿਆਂ ਗੁਰਪਾਲ ਨੇ ਪਤੀ ਦੀ ਪਿੱਠ ਥਾਪੜੀ ਸੀ।

## ਪੰਜਾਬੀ ਟੈਕਸੀ ਡਰਾਈਵਰ ਉੱਤੇ ਹਮਲੇ ਦਾ ਦੋਸ਼ੀ ਗ੍ਰਿਫਤਾਰ

ਮੈਲਬਰਨ, 12 ਮਈ (ਪੋਸਟ ਬਿਊਰੋ)- ਪੰਜਾਬੀ ਟੈਕਸੀ ਡਰਾਈਵਰ ਉੱਤੇ ਹਮਲੇ ਦੇ ਦੋਸ਼ੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਘਟਨਾ ਕਰਾਊਨ ਕੈਸੀਨੋ ਦੇ ਬਾਹਰ ਓਦੋਂ ਵਾਪਰੀ, ਜਦੋਂ ਪ੍ਰੀਤ ਸਿੰਘ (22) ਆਪਣੀ ਟੈਕਸੀ ਦੂਸਰੀਆਂ ਟੈਕਸੀਆਂ ਦੇ ਪਿੱਛੇ ਲਾ ਕੇ ਵਾਰੀ ਦੀ ਉਡੀਕ ਕਰ ਰਿਹਾ ਸੀ। ਦੱਸਿਆ ਗਿਆ ਹੈ ਕਿ ਵਾਰੀ ਦੀ ਉਡੀਕ ਕਰ ਰਹੇ ਪ੍ਰੀਤ ਸਿੰਘ ਦੇ ਕੋਲ ਤਿੰਨ ਚਾਰ ਗੋਰੇ ਲੜਕੇ ਆਏ ਤੇ ਉਸ ਦੀ ਕਾਰ ਵਿੱਚ ਬੈਠ ਗਏ। ਉਸ ਨੇ ਕਿਹਾ ਕਿ ਉਹ ਸ਼ਰਾਬੀ ਹਾਲਤ 'ਚ ਸਨ ਅਤੇ ਉਸ ਨੇ ਉਨ੍ਹਾਂ ਨੂੰ ਪਹਿਲੀ ਟੈਕਸੀ 'ਚ ਜਾਣ ਲਈ ਕਿਹਾ ਤਾਂ ਉਨ੍ਹਾਂ 'ਚੋਂ ਇਕ ਲੜਕੇ ਨੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਤੇ ਉਸ ਦੀ ਦਸਤਾਰ ਲਾਹ ਕੇ ਬੁਰੀ ਤਰ੍ਹਾਂ ਵਾਲਾਂ ਤੋਂ ਖਿੱਚਿਆ। ਉਸ ਨੇ ਆਖਿਆ ਕਿ ਉਸ ਸਮੇਂ ਉਥੇ ਸਕਿਉਰਿਟੀ ਸੀ ਅਤੇ ਹੋਰ ਵੀ ਪੰਜਾਬੀ ਟੈਕਸੀ ਡਰਾਈਵਰ ਸਨ, ਪਰ ਕਿਸੇ ਨੇ ਮਦਦ ਨਹੀਂ ਕੀਤੀ। ਪੁਲਸ 15 ਮਿੰਟ ਪਿੱਛੋਂ ਆਈ। ਉਸ ਨੇ ਦੱਸਿਆ ਕਿ ਉਹ ਲੜਕੇ ਉਸ ਨੂੰ ਨਸਲੀ ਗਾਲਾਂ ਵੀ ਕੱਢਦੇ ਰਹੇ। ਉਸ ਮਗਰੋਂ ਨੱਕ ਦੀ ਹੱਡੀ ਤੇ ਹੋਰ ਸੱਟਾਂ ਕਾਰਨ ਉਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ। ਦੋਸ਼ੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਉਸ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਲਾ ਕੇ ਕੇਸ ਦਰਜ ਕੀਤਾ ਗਿਆ ਹੈ।

# ਐਮਾਜ਼ੋਨ ਦੇ ਮਾਲਕ ਬੇਜ਼ੋਸ ਵੀ ਚੰਦਰਮਾ 'ਤੇ ਮਿਸ਼ਨ ਭੇਜਣਗੇ

ਵਾਸ਼ਿੰਗਟਨ, 12 ਮਈ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਤੇ ਈ-ਕਾਮਰਸ ਕੰਪਨੀ ਐਮਾਜ਼ੋਨ ਦੇ ਮਾਲਕ ਜੈਫ ਬੇਜ਼ੋਸ਼ ਅੱਜ ਕੱਲ੍ਹ ਚੰਦਰਮਾ ਮਿਸ਼ਨ ਲਾਂਚ ਕਰਨ ਦੀ ਤਿਆਰੀ ਵਿੱਚ ਹਨ। ਉਨ੍ਹਾਂ ਦੀ ਏਅਰੋ ਸਪੇਸ ਕੰਪਨੀ 'ਬਲੂ ਓਰੀਜਨ' ਇਕ ਹਾਈ ਟੇਕ ਲੈਂਡਰ ਚੰਦਰਮਾ ਉੱਤੇ ਭੇਜਣ ਜਾ ਰਹੀ ਹੈ।



ਵਾਸ਼ਿੰਗਟਨ ਕਨਵੈਨਸ਼ਨ ਸੈਂਟਰ ਵਿੱਚ ਬੇਜ਼ੋਸ ਨੇ 'ਬਲੂ ਮੂਨ' ਲੈਂਡਰ ਦਾ ਮਾਡਲ ਸਭ ਦੇ ਸਾਹਮਣੇ ਪੇਸ਼ ਕੀਤਾ ਹੈ। ਇਸ ਲੈਂਡਰ ਉੱਤੇ ਰੋਵਰ ਅਤੇ ਹੋਰ ਜੰਤਰ ਵੀ ਨਾਲ ਭੇਜੇ ਜਾ ਸਕਣਗੇ। ਮਿਸ਼ਨ ਦਾ ਐਲਾਨ ਕਰਦੇ ਹੋਏ ਬੇਜ਼ੋਸ ਨੇ ਕਿਹਾ ਕਿ ਇਹ ਪੁਲਾੜ ਵਿੱਚ ਇਨਫ੍ਰਾਸਟਰੱਕਚਰ ਵਿਕਸਿਤ ਕਰਨ ਦੀ ਪਹਿਲੀ ਪੌੜੀ ਹੈ। ਉਨ੍ਹਾਂ ਨੇ ਲੈਂਡਰ ਦੇ ਲਾਂਚ ਦੀ ਤਰੀਕ ਤਾਂ ਨਹੀਂ ਦੱਸੀ, ਪ੍ਰੰਤੂ ਕਿਹਾ ਕਿ ਬਲੂ ਓਰੀਜਨ 2024 ਤੱਕ ਚੰਦਰਮਾ 'ਤੇ ਮਨੁੱਖੀ ਮਿਸ਼ਨ ਭੇਜ ਸਕਦਾ ਹੈ।

ਅਸਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਗਲੇ ਪੰਜ ਸਾਲਾਂ ਵਿੱਚ ਕਿਸੇ ਵੀ ਤਰ੍ਹਾਂ ਚੰਦਰਮਾ ਉੱਤੇ ਮਨੁੱਖੀ ਮਿਸ਼ਨ ਭੇਜਣ ਦੀ ਗੱਲ ਕਹੀ ਸੀ। ਇਸ ਬਾਰੇ ਅਮਰੀਕੀ ਪੁਲਾੜ ਏਜੰਸੀ ਨਾਸਾ ਦਬਾਅ ਵਿੱਚ ਹੈ ਅਤੇ ਉਹ 2028 ਵਿੱਚ ਚੰਦਰ ਮਿਸ਼ਨ ਲਾਂਚ ਕਰਨ ਦੀ ਤਿਆਰੀ ਕਰ ਰਹੀ ਹੈ। ਬੇਜ਼ੋਸ ਨੇ ਕਿਹਾ ਕਿ ਚੰਦਰਮਾ 'ਤੇ ਦੁਬਾਰਾ ਜਾਣ ਦਾ ਸਮਾਂ ਆ ਗਿਆ ਹੈ। ਇਸ ਵਾਰ ਉਥੇ ਵੱਧ ਸਮਾਂ ਰਹਿਣਾ ਹੈ। ਅਸੀਂ ਟਰੰਪ ਪ੍ਰਸ਼ਾਸਨ ਵੱਲੋਂ ਤੈਅ ਕੀਤੀ ਗਈ ਸਮਾਂ ਸੀਮਾ 'ਚ ਚੰਦਰਮਾ ਮਿਸ਼ਨ ਭੇਜਣ ਵਿੱਚ ਮਦਦ ਕਰ ਸਕਦੇ ਹਾਂ।

ਵਰਨਣ ਯੋਗ ਹੈ ਕਿ 1972 ਵਿੱਚ ਨਾਸਾ ਦਾ ਅਪੋਲੋ ਮਿਸ਼ਨ ਖਤਮ ਹੋਣ ਪਿੱਛੋਂ ਚੰਦਰਮਾ 'ਤੇ ਕੋਈ ਵੀ ਮਨੁੱਖੀ ਮਿਸ਼ਨ ਨਹੀਂ ਭੇਜਿਆ ਗਿਆ। ਬਲੂ ਓਰੀਜਨ ਦੁਬਾਰਾ ਵਰਤਿਆ ਜਾ ਸਕਣ ਵਾਲਾ ਹੈਵੀ ਲਿਫਟ 'ਨਿਊ ਗਲੇਨ ਰਾਕੇਟ' ਵੀ 2021 ਤੱਕ ਲਾਂਚ ਕਰੇਗਾ। ਸਪੇਸ ਐਕਸ ਅਤੇ ਬੋਇੰਗ ਵੀ ਇਸ ਤਰ੍ਹਾਂ ਦੇ ਰਾਕੇਟ ਬਣਾ ਰਹੇ ਹਨ। ਸੈਲਾਨੀਆਂ ਨੂੰ ਪੁਲਾੜ ਵਿੱਚ ਭੇਜਣ ਲਈ ਨਿਊ ਸ਼ੇਪਰਡ ਰਾਕੇਟ ਲਾਂਚ ਹੋਣਗੇ। ਬਲੂ ਓਰੀਜਨ ਨੇ ਪਹਿਲੀ ਵਾਰ ਅਪ੍ਰੈਲ 2018 'ਚ ਇਸ ਰਾਕੇਟ ਨੂੰ ਲਾਂਚ ਕੀਤਾ ਸੀ। ਤਦ ਇਹ 106 ਕਿਲੋਮੀਟਰ ਦੀ ਉਚਾਈ ਤੱਕ ਪੁੱਜ ਸਕਿਆ ਸੀ।

## ਪਾਕਿ ਦੇ ਮੰਤਰੀ ਨੇ ਕਿਹਾ:

# ਦੇਸ਼ ਨੂੰ ਮੌਲਵੀਆਂ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ

ਇਸਲਾਮਾਬਾਦ, 12 ਮਈ (ਪੋਸਟ ਬਿਊਰੋ)- ਰਮਜ਼ਾਨ ਦੀ ਸ਼ੁਰੂਆਤ ਵਿਗਿਆਨ ਉੱਤੇ ਆਧਾਰਤ ਚੰਦਰ ਕੈਲੰਡਰ ਰਾਹੀਂ ਕਰਨ ਦਾ ਸੁਝਾਅ ਦੇ ਕੇ ਪਾਕਿ-ਸਤਾਨ ਦੀ ਇਮਰਾਨ ਸਰਕਾਰ ਰੂੜ੍ਹੀਵਾਦੀ ਮੌਲਵੀਆਂ ਦੇ ਨਿਸ਼ਾਨੇ 'ਤੇ ਆ ਗਈ ਹੈ। ਇਸ ਦੌਰਾਨ ਰਮਜ਼ਾਨ ਦੇ ਮਹੀਨੇ 'ਚ ਰੋਜ਼ੇ ਦੀ ਸ਼ੁਰੂਆਤ ਕਿਸ ਤਾਰੀਕ ਨੂੰ ਹੋਵੇ, ਇਸ ਬਾਰੇ ਵਿਵਾਦ ਰਹਿੰਦਾ ਹੈ। ਇਸੇ ਨੂੰ ਦੇਖ ਕੇ ਇਮਰਾਨ ਸਰਕਾਰ ਦੇ ਇਕ ਮੰਤਰੀ ਨੇ ਵਿਗਿਆਨ ਦਾ ਸਹਾਰਾ ਲੈਣ ਦੀ ਗੱਲ ਕਹੀ ਹੈ।

ਮੁਸਲਿਮ ਕੈਲੰਡਰ ਦੇ ਨੌਵੇਂ ਅਤੇ ਸਭ ਤੋਂ ਪਵਿੱਤਰ ਮਹੀਨੇ ਰਮਜ਼ਾਨ ਵਿੱਚ ਈਦ ਦੀ ਛੁੱਟੀ ਤੇ ਮੁਹੱਰਮ ਮਨਾਉਣ ਦਾ ਫੈਸਲਾ ਮੱਸਿਆ ਦੇਖ ਕੇ ਤੈਅ ਕੀਤਾ ਜਾਂਦਾ ਹੈ। ਪਾਕਿਸਤਾਨ 'ਚ ਮੌਲਵੀਆਂ ਦੀ ਅਗਵਾਈ ਵਾਲੀ 'ਚੰਦ ਦੇਖਣ ਵਾਲੀ ਕਮੇਟੀ' ਇਸ ਦਾ ਐਲਾਨ ਕਰਦੀ ਹੈ। ਕਈ ਦਹਾਕਿਆਂ ਤੋਂ ਇਸ ਦੇ ਸਹੀ ਹੋਣ ਬਾਰੇ ਵਿਵਾਦ ਹੁੰਦਾ ਰਿਹਾ ਹੈ। ਇਸ ਬਾਰੇ ਪਾਕਿਸਤਾਨ ਦੇ ਵਿਗਿਆਨ ਅਤੇ ਤਕਨੀਕ ਮੰਤਰੀ ਫਵਾਦ ਚੌਧਰੀ ਨੇ ਪੰਜ ਮਈ ਨੂੰ ਇਕ ਵੀਡੀਓ ਟਵੀਟ ਕੀਤਾ ਤੇ ਕਿਹਾ ਹੈ ਕਿ ਰਮਜ਼ਾਨ, ਈਦ ਅਤੇ ਮੁਹੱਰਮ ਮੌਕੇ ਹਰ ਸਾਲ ਚੰਦ ਦੇਖਣ ਨੂੰ ਲੈ ਕੇ ਵਿਵਾਦ ਹੁੰਦਾ ਹੈ। ਚੰਦ ਦੇਖਣ ਲਈ ਕਮੇਟੀ ਪੁਰਾਣੀ ਤਕਨੀਕ ਦੂਰਬੀਨ ਦਾ ਸਹਾਰਾ ਲੈਂਦੀ ਹੈ। ਜਦੋਂ ਆਧੁਨਿਕ ਤਕਨੀਕ ਮੌਜੂਦ ਹੈ ਤੇ ਇਸ ਦਾ ਸਹਾਰਾ ਲੈ ਕੇ ਅਸੀਂ ਆਖਰੀ ਅਤੇ ਅਸਲ ਤਾਰੀਖ ਦੀ ਗਣਨਾ ਕਰ ਸਕਦੇ ਹਾਂ ਤਾਂ ਫਿਰ ਸਵਾਲ ਇਹ ਹੈ ਕਿ ਅਸੀਂ ਆਧੁਨਿਕ ਤਕਨੀਕ ਦਾ ਸਹਾਰਾ ਕਿਉਂ ਨਹੀਂ ਲੈਂਦੇ? ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਵਿਗਿਆਨੀਆਂ, ਮੌਸਮ ਵਿਗਿਆਨੀਆਂ ਤੇ ਪਾਕਿਸਤਾਨ ਦੀ ਪੁਲਾੜ ਏਜੰਸੀ ਦੇ ਵਿਗਿਆਨੀਆਂ ਨੂੰ ਲੈ ਕੇ ਇਕ ਕਮੇਟੀ ਦਾ ਗਠਨ ਕਰ ਸਕਦਾ ਹੈ, ਜੋ ਅਗਲੇ ਪੰਜ ਸਾਲ ਦੀ '100 ਫੀਸਦੀ ਸਹੀ' ਤਾਰੀਖ ਦੀ ਗਣਨਾ ਕਰ ਦੇਵੇਗੀ।

## ਇਟਲੀ ਦਾ ਵਿਅਕਤੀ 6ਵੀਂ ਵਾਰ ਸਭ ਤੋਂ ਤੇਜ਼ ਪੀਜ਼ਾ ਬਣਾਉਣ ਵਾਲਾ ਬਣਿਆ

ਮਿਲਾਨ (ਇਟਲੀ), 12 ਮਈ (ਪੋਸਟ ਬਿਊਰੋ)- ਇਟਲੀ ਦਾ ਪੀਜ਼ਾ ਸਾਰੀ ਦੁਨੀਆ 'ਚ ਮਸ਼ਹੂਰ ਹੈ ਤੇ ਕਈ ਇਸ ਤਰ੍ਹਾਂ ਦੇ ਸ਼ੌਕੀਨ ਵੀ ਹਨ ਜੋ ਇਟਾਲੀਅਨ ਪੀਜ਼ਾ ਖਾਣ ਲਈ ਇਟਲੀ ਉਚੇਚੇ ਤੌਰ 'ਤੇ ਆਉਂਦੇ ਹਨ, ਪਰ ਇਟਲੀ ਪੀਜ਼ੇ ਲਈ ਹੀ ਨਹੀਂ, ਦੁਨੀਆ 'ਚ ਸਭ ਤੋਂ ਤੇਜ਼ ਪੀਜ਼ਾ ਤਿਆਰ ਕਰਨ 'ਚ ਵੀ ਮੋਹਰੀ ਹੈ।

ਪਤਾ ਲੱਗਾ ਹੈ ਕਿ ਇਟਲੀ ਵਿੱਚ ਸਭ ਤੋਂ ਤੇਜ਼ ਪੀਜ਼ਾ ਬਣਾਉਣ ਵਾਲਾ ਕਾਮਾ 38 ਸਾਲਾ ਇਤਾਲੀਅਨ ਜੂਸੇਪੇ ਮਰਾਓ ਅਮੇਨਦੋਲਾ ਹੈ, ਜਿਹੜਾ ਇਟਲੀ ਦੇ ਸੂਬੇ ਇਮਿਲੀਆ ਰੋਮਾਨਾ ਦੇ ਇਲਾਕੇ 'ਚ ਪੀਜ਼ੇ ਦੀ ਦੁਕਾਨ ਚਲਾਉਂਦਾ ਹੈ। ਅਮੇਨਦੋਲਾ ਲਗਾਤਾਰ ਛੇਵੀਂ ਵਾਰ ਦੁਨੀਆ ਦਾ ਸਭ ਤੋਂ ਤੇਜ਼ ਪੀਜ਼ਾ ਬਣਾਉਣ ਵਾਲਾ ਕਾਰੀਗਰ ਬਣਿਆ ਹੈ, ਜੋ ਸਿਰਫ 20 ਸਕਿੰਟ ਵਿੱਚ ਹੀ ਪੀਜ਼ਾ ਤਿਆਰ ਕਰ ਕੇ ਫੋਰਨੋ (ਭੱਠੀ) ਵਿੱਚ ਰੜ੍ਹਨ ਲਈ ਰੱਖ ਦਿੰਦਾ ਹੈ। ਬੀਤੇ ਦਿਨੀਂ ਹੋਏ ਤੇਜ਼ ਪੀਜ਼ਾ ਬਣਾਉਣ ਦੇ 750 ਤੋਂ ਵੀ ਵੱਧ ਲੋਕਾਂ ਨੇ ਭਾਗ ਲਿਆ। ਅਮੇਨ-ਦੋਲਾ ਸ਼ਹਿਰ ਦੀ ਜਿਸ ਗਲੀ ਵਿੱਚ ਪੀਜ਼ਾ ਦੁਕਾਨ ਚਲਾਉਂਦਾ ਹੈ ਪਹਿਲਾਂ ਉਸ ਰੋਡ ਦਾ ਨਾਂਅ ਵੀਆ ਮਰਤੀਰੀ ਦੇਲਾ ਬੇਤਾਓਲਾ ਸੀ, ਪਰ ਉਸ ਦੇ ਹੁਨਰ ਕਾਰਨ ਉਸ ਰੋਡ ਦਾ ਨਾਂਅ 'ਸੀ ਯੂ ਐਟ ਮਾਰੀਓ' ਰੱਖਿਆ ਗਿਆ ਹੈ।


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000 Off on New Basement
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6


# ਹਾਂਗਕਾਂਗ ਦੇ ਪਾਰਲੀਮੈਂਟ ਮੈਂਬਰਾਂ ਵਿੱਚ ਹੱਥੋਪਾਈ, ਕਈ ਜ਼ਖਮੀ

ਹਾਂਗਕਾਂਗ, 12 ਮਈ (ਪੋਸਟ ਬਿਊਰੋ)- ਹਾਂਗਕਾਂਗ 'ਚ ਨਵੇਂ ਹਵਾਲਗੀ ਕਾਨੂੰਨ ਨੂੰ ਲੈ ਕੇ ਪਾਰਲੀਮੈਂਟ ਮੈਂਬਰ ਆਪਸ ਵਿੱਚ ਭਿੜ ਗਏ। ਉਸ ਕਾਨੂੰਨ 'ਤੇ ਚਰਚਾ ਦੌਰਾਨ ਲੋਕਤੰਤਰ ਦੇ ਸਮਰਥਕ ਪਾਰਲੀਮੈਂਟ ਮੈਂਬਰਾਂ ਵਿਚਾਲੇ



ਬਹਿਸ ਏਨੀ ਵਧ ਗਈ ਕਿ ਗੱਲ ਹੱਥੋਪਾਈ ਤੱਕ ਪਹੁੰਚ ਗਈ। ਕਈ ਪਾਰਲੀਮੈਂਟ ਮੈਂਬਰ ਮੇਜ਼ 'ਤੇ ਚੜ੍ਹ ਕੇ ਮਾਈਕ ਖੋਹਣ ਲੱਗ ਪਏ। ਇਸੇ ਦੌਰਾਨ ਕਈ ਸੰਸਦ ਮੈਂਬਰ ਮੈਂਬਰ ਵੀ ਜ਼ਖਮੀ ਹੋ ਗਏ।

ਜ਼ਿਕਰ ਯੋਗ ਹੈ ਕਿ ਪਾਰਲੀਮੈਂਟ ਮੈਂਬਰ ਕੈਰੀ ਲਾਮ ਨੇ 2019 ਦੇ ਸ਼ੁਰੂ ਵਿੱਚ ਇਸ ਕਾਨੂੰਨ ਦਾ ਮਤਾ ਪੇਸ਼ ਕੀਤਾ ਸੀ, ਜਿਸ ਨਾਲ ਅਪਰਾਧੀਆਂ ਤੇ ਵਿਦੇਸ਼ੀਆਂ ਨੂੰ ਬਿਨਾਂ ਕਿਸੇ ਸਮਝੌਤੇ ਦੇ ਹੀ ਚੀਨ ਦੇ ਨਾਲ ਨਾਲ ਤਾਇਵਾਨ ਜਾਂ ਮਕਾਊ ਵਿੱਚ ਹਵਾਲਗੀ ਹੇਠ ਭੇਜਿਆ ਜਾ ਸਕਦਾ ਸੀ। ਇਸ ਦਾ ਵਿਰੋਧ ਕਰ ਰਹੇ ਪਾਰਲੀਮੈਂਟ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਨਾਲ ਚੀਨ ਦੀ ਤਾਕਤ ਵਧੇਗੀ ਤੇ ਹਾਂਗਕਾਂਗ ਦੀ ਆਜ਼ਾਦੀ 'ਤੇ ਸੰਕਟ ਆਵੇਗਾ। ਹਾਂਗਕਾਂਗ ਖੁਦਮੁਖਤਿਆਰ ਖੇਤਰ ਹੈ ਜਿਸ ਦਾ ਕੰਟਰੋਲ ਚੀਨ ਨੇ 1997 ਵਿੱਚ ਬ੍ਰਿਟੇਨ ਤੋਂ ਲਿਆ ਸੀ। ਨਵੇਂ ਹਵਾਲਗੀ ਕਾਨੂੰਨ ਦਾ ਸਮਰਥਨ ਕਰ ਰਹੇ ਸੰਸਦ ਮੈਂਬਰਾਂ ਦਾ ਸਮਰਥਨ ਕਰ ਰਹੇ ਪਾਰਲੀਮੈਂਟ ਮੈਂਬਰਾਂ ਦਾ ਕਹਿਣਾ ਹੈ ਕਿ ਕਤਲ ਦੇ ਦੋਸ਼ੀ ਨੂੰ ਤਾਇਵਾਨ ਵਿੱਚ ਹਵਾਲਗੀ ਤਹਿਤ ਲਿਆਉਣ ਲਈ ਇਹ ਕਾਨੂੰਨ ਜ਼ਰੂਰੀ ਹੈ।


FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



Honesty, Reliability, Commitment
Hira Randhawa
Broker
HomeLife SilverCity
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$679,000 — William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.

$699,000 — Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.

$778,900 — Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.

$789,000 — Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP,
SUPER
-VISA,&
TRAVEL
Insurance
H.Randhawa
416-319-0551



MICHELIN · Hankook · Continental · ROADLUX · BFGoodrich · AEOLUS · COMPASAL · Chevron · Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum -Made in U.S
- On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਕੈਪਟਨ ਅਮਰਿੰਦਰ ਨੇ ਸੁਨੀਲ ਜਾਖੜ ਨੂੰ ਭਵਿੱਖ ਦਾ ਮੁੱਖ ਮੰਤਰੀ ਕਿਹਾ



ਬਟਾਲਾ, 12 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਬਟਾਲਾ 'ਚ ਅਸ਼ਵਨੀ ਸੇਖੜੀ ਵੱਲੋਂ ਸੁਨੀਲ ਜਾਖੜ ਦੇ ਹੱਕ ਵਿੱਚ ਕਰਵਾਈ ਰੈਲੀ ਨੂੰ ਸੰਬੋਧਨ ਕਰਦਿਆਂ ਜਿੱਥੇ ਜਾਖੜ ਨੂੰ ਫਿਰ ਪਾਰਲੀਮੈਂਟ ਮੈਂਬਰ ਬਣਾਉਣ ਦਾ ਦਿੱਤਾ, ਉਥੇ ਉਨ੍ਹਾਂ ਨੇ ਜਾਖੜ ਨੂੰ ਭਵਿੱਖ ਦਾ ਮੁੱਖ ਮੰਤਰੀ ਵੀ ਐਲਾਨਿਆ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਕੋਈ ਪੰਡਿਤ ਨਹੀਂ, ਪਰ ਮੈਂ ਜਾਣਦਾ ਹਾਂ ਕਿ ਤੁਸੀਂ ਸੁਨੀਲ ਜਾਖੜ ਨੂੰ ਪਾਰਲੀਮੈਂਟ ਮੈਂਬਰ ਬਣਾਉਣਾ ਹੈ ਅਤੇ ਜਿਸ ਤਰ੍ਹਾਂ ਇਹ ਕੰਮ ਕਰ ਰਹੇ ਹਨ, ਉਹ ਆਉਣ ਵਾਲੇ ਸਮੇਂ 'ਚ ਪੰਜਾਬ ਦੇ ਮੁੱਖ ਮੰਤਰੀ ਹੋਣਗੇ। ਕੈਪਟਨ ਅਮਰਿੰਦਰ ਸਿੰਘ ਨੇ ਜਿੱਥੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੱਸੀਆਂ ਅਤੇ ਮੋਦੀ ਸਰਕਾਰ ਉਤੇ ਨਿਸ਼ਾਨੇ ਸਾਧੇ, ਉਥੇ ਉਨ੍ਹਾਂ ਕਿਸਾਨੀ ਵਾਸਤੇ ਕਿਹਾ ਕਿ ਕਿਸਾਨਾਂ ਦੇ ਭਲੇ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨੀ ਜ਼ਰੂਰੀ ਹੈ। ਉਨ੍ਹਾਂ ਪੰਜਾਬ 'ਚ ਬੇਅਦਬੀ ਦੀਆਂ ਘਟਨਾਵਾਂ ਬਾਰੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਜਿਸ ਤਰੀਕੇ ਨਾਲ ਝੂਠ ਬੋਲਦੇ ਹਨ, ਉਹ ਸਾਰੀ ਦੁਨੀਆ ਜਾਣਦੀ ਹੈ ਤੇ ਉਨ੍ਹਾਂ ਨੂੰ ਬੇਅਦਬੀਆਂ ਦਾ ਜਵਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਅਕਾਲ ਤਖਤ ਸਾਹਿਬ ਨੂੰ ਮੰਨਦੇ ਨਹੀਂ, ਵਰਤਦੇ ਹਨ ਅਤੇ ਸੁਖਬੀਰ ਸਿੰਘ ਬਾਦਲ ਜਥੇਦਾਰਾਂ ਨੂੰ ਘਰ ਸੱਦ ਕੇ ਦੱਸਦੇ ਹਨ ਕਿ ਉਨ੍ਹਾਂ ਕੀ ਫੈਸਲਾ ਦੇਣਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲ ਪਰਵਾਰ ਤੋਂ ਮੁਕਤ ਕਰਵਾਉਣ ਲਈ ਅਕਾਲੀਆਂ ਖਿਲਾਫ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਵਾਲਿਆਂ ਦਾ ਅਸੀਂ ਸਾਥ ਦਿਆਂਗੇ। ਉਨ੍ਹਾਂ ਨੇ ਸੁਨੀਲ ਜਾਖੜ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਦਾ ਵਿਰੋਧੀ ਉਮੀਦਵਾਰ ਸੰਨੀ ਦਿਓਲ ਮੁੰਬਈ ਤੋਂ ਆਇਆ ਹੈ, ਜਿਸ ਨੂੰ ਇਥੋਂ ਦੀ ਕੋਈ ਸਮਝ ਨਹੀਂ ਹੈ ਅਤੇ ਇਸ ਨੇ ਚੋਣਾਂ ਪਿੱਛੋਂ ਤੁਹਾਨੂੰ ਲੱਭਣਾ ਨਹੀਂ ਹੈ। ਅਜਿਹੇ ਕਈ ਆਉਂਦੇ-ਜਾਂਦੇ ਨੇ, ਪਰ ਸੰਸਦ 'ਚ ਮੂੰਹ ਤੱਕ ਨਹੀਂ ਖੋਲਦੇ ਅਤੇ ਸੰਨੀ ਦਿਓਲ ਵੀ 62 ਸਾਲ ਦੀ ਉਮਰ ਵਿੱਚ ਐਕਟਿੰਗ ਦੀ ਜ਼ਿੰਦਗੀ ਖਤਮ ਹੁੰਦੀ ਵੇਖ ਇਧਰ ਤੁਰਿਆ ਹੈ ਕਿ ਕੋਈ ਹੋਰ ਕੰਮ ਚੱਲ ਪਵੇ।


ਇਸ ਮੌਕੇ ਉਨ੍ਹਾਂ ਕਿਹਾ ਕਿ ਬਟਾਲਾ 'ਚ ਮਿੰਨੀ ਸਕੱਤਰੇਤ ਬਣਾਉਣ ਸਮੇਤ ਜੋ ਵੀ ਮੰਗਾਂ ਹਨ, ਪੂਰੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਸੁਨੀਲ ਜਾਖੜ ਨੇ ਕਿਹਾ ਕਿ ਤੁਹਾਡੇ ਅਸ਼ੀਰਵਾਦ ਨਾਲ ਮੈਨੂੰ ਜੋ ਸੇਵਾ ਦਾ ਮੌਕਾ ਮਿਲਿਆ, ਉਸ 14 ਮਹੀਨੇ ਦੇ ਸਮੇਂ ਵਿੱਚ ਮੈਂ ਜਿੰਨਾ ਕੰਮ ਕੀਤਾ, ਉਹ ਤਾਂ ਇੱਕ ਟ੍ਰੇਲਰ ਸੀ, ਤੁਸੀਂ ਪੰਜ ਸਾਲ ਲਈ ਪਾਰਲੀਮੈਂਟ ਮੈਂਬਰ ਬਣਾ ਦਿਓ, ਵਿਕਾਸ ਦੀ ਫਿਲਮ ਪੂਰੇ ਪੰਜ ਸਾਲ ਚਲਾਵਾਂਗੇ।

# ਰਾਫ਼ੇਲ ਮਾਮਲੇ 'ਚ ਰਿਵੀਊ ਪਟੀਸ਼ਨ ਦੀ ਸੁਣਵਾਈ ਪਿੱਛੋਂ ਸੁਪਰੀਮ ਕੋਰਟ ਦਾ ਫ਼ੈਸਲਾ ਰਿਜ਼ਰਵ

ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਭਾਰਤ ਦੇ ਦੋ ਸਾਬਕਾ ਕੇਂਦਰੀ ਮੰਤਰੀਆਂ ਯਸ਼ਵੰਤ ਸਿਨਹਾ ਅਤੇ ਅਰੁਣ ਸ਼ੋਰੀ ਅਤੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਫਰਾਂਸ ਨਾਲ ਕੀਤੇ ਗਏ ਰਾਫ਼ੇਲ ਜਹਾਜ਼ ਸੌਦੇ ਦੀ ਅਪਰਾਧਕ ਜਾਂਚ ਕਰਵਾਉਣ ਲਈ ਸਾਡੀ ਪਟੀਸ਼ਨ ਰੱਦ ਕਰਨ ਦਾ ਜਿਹੜਾ ਫੈਸਲਾ ਦਸੰਬਰ 2018 ਵਿੱਚ ਕੀਤਾ ਗਿਆ ਸੀ, ਉਹ ਮੌਜੂਦਾ ਹਾਲਾਤ ਨੂੰ ਵੇਖ ਕੇ ਰੱਦ ਕੀਤਾ ਜਾਵੇ। ਫ਼ਰਾਂਸ ਤੋਂ 36 ਰਾਫ਼ੇਲ ਲੜਾਕੂ ਜਹਾਜ਼ ਖ਼ਰੀਦਣ ਵਾਲੇ ਕੇਸ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਕੇ ਐਮ ਜੋਜ਼ਫ ਦੇ ਬੈਂਚ ਨੇ 14 ਦਸੰਬਰ 2018 ਦੇ ਅਪਣੇ ਫ਼ੈਸਲੇ ਉੱਤੇ ਮੁੜ ਵਿਚਾਰ ਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਅੱਜ ਪੂਰੀ ਕਰ ਲਈ ਅਤੇ ਕਿਹਾ ਹੈ ਕਿ ਇਸ ਬਾਰੇ ਫ਼ੈਸਲਾ ਬਾਅਦ ਵਿਚ ਸੁਣਾਇਆ ਜਾਵੇਗਾ।

ਕਰੀਬ ਦੋ ਘੰਟੇ ਦੀ ਸੁਣਵਾਈ ਦੌਰਾਨ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਰਾਫ਼ੇਲ ਸੌਦੇ ਬਾਰੇ ਅਹਿਮ ਤੱਥ ਸਰਕਾਰ ਵੱਲੋਂ ਅਦਾਲਤ ਤੋਂ ਲੁਕਾਉਣ ਸਮੇਤ ਵੱਖ-ਵੱਖ ਪੱਖਾਂ ਵੱਲ ਬੈਂਚ ਦਾ ਧਿਆਨ ਦਿਵਾਇਆ। ਉਨ੍ਹਾਂ ਕਿਹਾ ਕਿ ਇਸ ਕੇਸ ਵਿਚ ਐਫ਼ ਆਈ ਆਰ ਦਰਜ ਕਰ ਕੇ ਇਸ ਦੀ ਅਪਰਾਧਕ ਜਾਂਚ ਸ਼ੁਰੂ ਕਰਾਉਣੀ ਚਾਹੀਦੀ ਹੈ। ਉਨ੍ਹਾਂ ਨੇ ਕਾਨੂੰਨੀ ਤੌਰ ਉੱਤੇ ਹੋ ਰਹੀ ਗੱਲਬਾਤ ਦੇ ਬਰਾਬਰ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਹੁੰਦੀ ਗੱਲਬਾਤ ਬਾਰੇ ਸਬੰਧਤ ਦਸਤਾਵੇਜ਼ਾਂ ਦਾ ਹਵਾਲਾ ਦੇ ਕੇ ਕਿਹਾ ਕਿ ਗੱਲਬਾਤ ਕਰ ਰਹੀ ਤਿੰਨ ਮੈਂਬਰੀ ਭਾਰਤੀ ਟੀਮ ਨੇ ਬਰਾਬਰ ਚੱਲਦੀ ਇਸ ਗੱਲਬਾਤ ਦਾ ਇਤਰਾਜ਼ ਕੀਤਾ ਸੀ। ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਅਪਰਾਧ ਕੀਤਾ ਗਿਆ ਹੈ ਅਤੇ ਇਸ ਲਈ ਐਫ਼ ਆਈ ਆਰ ਦਰਜ ਕਰਨ ਦੀ ਲੋੜ ਹੈ। ਕੇਂਦਰ ਸਰਕਾਰ ਵੱਲੋਂ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਫ਼ੈਸਲੇ ਦੀ ਮੁੜ ਵਿਚਾਰ ਦੇ ਨੁਕਤੇ ਵੀ ਮੁੱਢਲੇ ਆਧਾਰ ਉੱਤੇ ਪੇਸ਼ ਹੋਈ ਪਟੀਸ਼ਨ ਵਾਲੇ ਨੁਕਤਿਆਂ ਵਰਗੇ ਹਨ। ਉਨ੍ਹਾਂ ਕਿਹਾ ਕਿ ਚੋਰੀ ਕੀਤੇ ਗੁਪਤ ਦਸਤਾਵੇਜ਼ਾਂ ਦੇ ਸਿਰ ਉੱਤੇ ਪਟੀਸ਼ਨਰ ਇਸ ਫ਼ੈਸਲੇ ਉੱਤੇ ਮੁੜ ਵਿਚਾਰ ਚਾਹੁੰਦੇ ਹਨ।

# ਰਜਿਸਟਰਡ ਸੁਸਾਇਟੀ ਆਰ ਟੀ ਆਈ ਐਕਟ ਹੇਠ ਸੂਚਨਾ ਦੇਣ ਨੂੰ ਵਚਨਬੱਧ: ਹਾਈ ਕੋਰਟ




ਚੰਡੀਗੜ੍ਹ, 12 ਮਈ (ਪੋਸਟ ਬਿਊਰੋ)- ਪੰਜਾਬ-ਹਰਿਆਣਾ ਹਾਈ ਕੋਰਟ ਨੇ ਇੱਕ ਅਹਿਮ ਫੈਸਲੇ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਹਰਿਆਣਾ ਵਿੱਚ ਰਜਿਸਟਰੇਸ਼ਨ ਐਂਡ ਰੈਗੂਲੇਸ਼ਨ ਆਫ ਸੁਸਾਇਟੀ ਐਕਟ 2012 ਹੇਠ ਰਜਿਸਟਰਡ ਸਭ ਸੁਸਾਇਟੀਆਂ ਆਰ ਟੀ ਆਈ ਐਕਟ ਹੇਠ ਆਉਂਦੀਆਂ ਹਨ। ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਸੁਸਾਇਟੀਆਂ ਨੂੰ ਹੁਕਮ ਜਾਰੀ ਕਰੇ ਕਿ ਆਰ ਟੀ ਆਈ ਐਕਟ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਏ।

ਜਸਟਿਸ ਏ ਜੀ ਮਸੀਹ ਨੇ ਇਹ ਹੁਕਮ ਸਰਸਵਤੀ ਵੈਲਫੇਅਰ ਐਸੋਸੀਏਸ਼ਨ ਦੀ ਪਟੀਸ਼ਨ ਨੂੰ ਰੱਦ ਕਰ ਕੇ ਰਾਜ ਸੂਚਨਾ ਕਮਿਸ਼ਨ ਦੇ ਫੈਸਲੇ 'ਤੇ ਮੋਹਰ ਲਾਉਂਦੇ ਹੋਏ ਜਾਰੀ ਕੀਤਾ ਹੈ। ਹਾਈ ਕੋਰਟ ਨੇ ਹੁਕਮ ਦੀ ਪਾਲਣਾ ਕਰਨ ਲਈ ਦੋ ਮਹੀਨੇ ਦੀ ਮੋਹਲਤ ਦਿੱਤੀ ਹੈ ਅਤੇ ਰਜਿਸਟਰਾਰ ਜਨਰਲ ਆਫ ਸੁਸਾਇਟੀ ਨੂੰ ਹੁਕਮ ਦੀ ਪਾਲਣਾ ਕਰਨੀ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਐਕਟ ਦੇ ਅਨੁਸਾਰ ਸਭ ਸੁਸਾਇਟੀਆਂ ਨੂੰ ਹਰ ਸਾਲ ਜ਼ਰੂਰੀ ਜਾਣਕਾਰੀ ਜ਼ਿਲ੍ਹਾ ਰਜਿਸਟਰਾਰਾਂ ਨੂੰ ਜਮ੍ਹਾ ਕਰਾਉਣੀ ਹੁੰਦੀ ਹੈ। ਇਹ ਦਸਤਾਵੇਜ਼ ਆਰ ਟੀ ਆਈ ਐਕਟ ਹੇਠ ਇਹ ਜਾਣਕਾਰੀ ਪਬਲਿਕ ਦਸਤਾਵੇਜ਼ ਹਨ ਅਤੇ ਅਜਿਹੇ ਵਿੱਚ ਸੁਸਾਇਟੀ ਦੀ ਇੰਟਰਨਲ ਪ੍ਰੋਸੀਡਿੰਗ ਤੇ ਹੋਰ ਜਾਣਕਾਰੀ ਸੁਸਾਇਟੀ ਦੇ ਮੈਂਬਰ ਅਤੇ ਰਜਿਸਟਰਾਰ ਦਫਤਰ ਦੇ ਲਈ ਐਕਸੈਸੇਬਲ ਹੋਣੇ ਚਾਹੀਦੇ ਹਨ। ਇਸੇ ਸਾਲ ਜਨਵਰੀ ਵਿੱਚ ਸੂਚਨਾ ਕਮਿਸ਼ਨ ਨੇ ਡੀ ਐਲ ਐਫ ਵੈਲੀ ਰੈਜ਼ੀਡੈਂਟ ਵੈਲਫੇਅਰ ਸੁਸਾਇਟੀ ਨੂੰ ਪਬਲਿਕ ਇਨਫਰਮੇਸ਼ਨ ਅਫਸਰ ਅਤੇ ਅਪੀਲੇਟ ਅਥਾਰਟੀ ਨਿਯੁਕਤ ਕਰਨ ਦੇ ਹੁਕਮ ਦਿੱਤੇ ਸਨ। ਸਰਸਵਤੀ ਵੈਲਫੇਅਰ ਐਸੋਸੀਏਸ਼ਨ ਨੇ ਪਟੀਸ਼ਨ ਰਾਹੀਂ ਕਿਹਾ ਕਿ ਪ੍ਰਦੀਪ ਰਾਪੜੀਆ ਵਾਲੇ ਕੇਸ ਵਿੱਚ ਜਿਸ ਵਿੱਚ ਹੁਕਮ ਦਿੱਤੇ ਗਏ ਸਨ, ਉਸ ਵਿੱਚ ਕੋਈ ਧਿਰ ਨਹੀਂ ਸੀ ਅਜਿਹੇ ਵਿੱਚ ਇਹ ਹੁਕਮ ਉਸ ਦੀ ਸੁਸਾਇਟੀ 'ਤੇ ਲਾਗੂ ਨਹੀਂ ਹੁੰਦੇ। ਇਸ 'ਤੇ ਹਾਈ ਕੋਰਟ ਨੇ ਕਿਹਾ ਕਿ ਇਹ ਕਾਨੂੰਨੀ ਨਿਯਮ ਹੈ ਅਤੇ ਇਸ ਦੇ ਤਹਿਤ ਹੁਕਮ ਜਾਰੀ ਕੀਤੇ ਗਏ ਹਨ। ਤਕਨੀਕੀ ਖਾਮੀਆਂ ਦੱਸ ਕੇ ਸੁਸਾਇਟੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀਆਂ ਹਨ।

# ਆਈ ਪੀ ਐਲ ਕ੍ਰਿਕਟ ਦੇ ਪਾਸ ਮੰਗਣੇ ਅਧਿਕਾਰੀ ਨੂੰ ਮਹਿੰਗੇ ਪਏ

ਨਵੀਂ ਦਿੱਲੀ, 12 ਮਈ (ਪੋਸਟ ਬਿਊਰੋ)- ਸੀਨੀਅਰ ਅਫਸਰ ਗੋਪਾਲ ਕ੍ਰਿਸ਼ਨ ਗੁਪਤਾ ਨੂੰ ਆਈ ਪੀ ਐਲ ਕ੍ਰਿਕਟ ਦੇ ਮੈਚਾਂ ਦੇ ਕੰਪਲੀਮੈਂਟਰੀ ਪਾਸ ਮੰਗਣੇ ਮਹਿੰਗੇ ਪੈ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੈਬਨਿਟ ਦੀ ਨਿਯੁਕਤੀਆਂ ਬਾਰੇ ਕਮੇਟੀ (ਏ ਸੀ ਸੀ) ਨੇ ਕੇਂਦਰ ਵਿਚ ਡੈਪੂਟੇਸ਼ਨ ਉਤੇ ਆਏ ਗੁਪਤਾ ਦੇ ਕਾਰਜਕਾਲ ਦੀ ਮਿਆਦ ਘਟਾ ਕੇ ਉਨ੍ਹਾਂ ਨੂੰ ਵਾਪਸ ਪੁਰਾਣੇ ਕੇਡਰ (ਰੇਲ ਮੰਤਰਾਲੇ) ਵਿੱਚ ਭੇਜ ਦਿੱਤਾ ਹੈ।

ਪਰਸੋਨਲ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਮੁਤਾਬਕ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਏ ਸੀ ਸੀ ਵੱਲੋਂ ਜਾਰੀ ਕੀਤੇ ਗਏ ਉਪਰੋਕਤ ਹੁਕਮ ਤੁਰੰਤ ਲਾਗੂ ਹੋ ਗਏ ਹਨ। ਉਂਝ ਮੰਤਰਾਲੇ ਨੇ ਹੁਕਮਾਂ ਵਿੱਚ ਤਬਾਦਲੇ ਦੇ ਕਾਰਨਾਂ ਦਾ ਜ਼ਿਕਰ ਨਹੀਂ ਕੀਤਾ। ਭਾਰਤੀ ਰੇਲ ਸੇਵਾ ਦੀ ਮਕੈਨੀਕਲ ਇੰਜੀਨੀਅਰ (ਆਈ ਆਰ ਐੱਸ ਐੱਮ ਈ) ਬਰਾਂਚ ਵਿੱਚ 1987 ਬੈਚ ਦੇ ਅਧਿਕਾਰੀ ਗੁਪਤਾ ਕੇਂਦਰ ਸਰਕਾਰ ਦੇ ਨਵੇਂ ਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੇ ਜੁਆਇੰਟ ਸਕੱਤਰ ਦੇ ਅਹੁਦੇ 'ਤੇ ਤੈਨਾਤ ਸਨ। ਸਰਕਾਰੀ ਐਲਾਨ ਮੁਤਾਬਕ ਗੁਪਤਾ ਨੇ ਮਾਰਚ ਮਹੀਨੇ ਦਿੱਲੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਡੀ ਡੀ ਸੀ ਏ) ਦੇ ਪ੍ਰਧਾਨ ਰਜਤ ਸ਼ਰਮਾ ਦੇ ਦਫਤਰ ਤੋਂ ਆਈ ਪੀ ਐੱਲ ਮੈਚ ਦੇ ਪਾਸ ਮੰਗੇ ਸਨ। ਗੁਪਤਾ ਨੂੰ ਜਦੋਂ ਡੀ ਡੀ ਸੀ ਏ ਤੋਂ ਤਸੱਲੀ ਬਖਸ਼ ਜਵਾਬ ਨਾ ਮਿਲਿਆ ਤਾਂ ਉਨ੍ਹਾਂ ਤਿੰਨ ਅਪ੍ਰੈਲ ਨੂੰ ਘਟਨਾਕ੍ਰਮ ਦਾ ਹਵਾਲਾ ਦਿੰਦਿਆਂ ਸ਼ਰਮਾ ਨੂੰ ਇੱਕ ਪੱਤਰ ਲਿਖਿਆ। ਗੁਪਤਾ ਨੇ ਪੱਤਰ ਵਿੱਚ ਸ਼ਰਮਾ ਦੀ ਕਾਰਜਕਾਰੀ ਸਹਾਇਕ ਸਪਨਾ ਸੋਨੀ ਅਤੇ ਉਹਦੇ ਨਿੱਜੀ ਸਟਾਫ ਨਾਲ ਹੋਈ ਗੱਲਬਾਤ ਦਾ ਵੀ ਜ਼ਿਕਰ ਕੀਤਾ ਅਤੇ ਲਿਖਿਆ, "ਜੇ ਗੱਲ ਨਹੀਂ ਬਣਦੀ ਤਾਂ ਤੁਹਾਡੇ ਸਟਾਫ ਨੂੰ ਸ਼ਿਸ਼ਟਾਚਾਰ ਦਾ ਮੁਜ਼ਾਹਰਾ ਕਰ ਕੇ ਇਸ ਬਾਰੇ ਸੂਚਿਤ ਕਰਨਾ ਚਾਹੀਦਾ ਸੀ।"

# ਮੋਦੀ ਉਸ ਲਾੜੀ ਵਰਗਾ, ਜਿਹੜੀ ਰੋਟੀ ਘੱਟ ਵੇਲਦੀ ਤੇ ਚੂੜੀਆਂ ਵੱਧ ਛਣਕਾਉਂਦੀ ਆ: ਸਿੱਧੂ



ਇੰਦੌਰ, 12 ਮਈ (ਪੋਸਟ ਬਿਊਰੋ)- ਚੋਣ ਕਮਿਸ਼ਨ ਦੇ ਤਾਜ਼ਾ ਨੋਟਿਸ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੁੱਧ ਤਿੱਖੇ ਹਮਲੇ ਜਾਰੀ ਰੱਖਦੇ ਹੋਏ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੋਦੀ ਦੀ ਤੁਲਨਾ ਉਸ ਦੁਲਹਨ ਨਾਲ ਕੀਤੀ ਜਿਹੜੀ ਅਸਲ ਵਿੱਚ ਘਰੇਲੂ ਕੰਮਕਾਜ ਤਾਂ ਘੱਟ ਕਰਦੀ ਹੈ, ਪਰ ਦੂਜਿਆਂ ਲੋਕਾਂ ਦੇ ਸਾਹਮਣੇ ਉਹ ਆਪਣੇ ਕੰਮ ਦਾ ਵਿਖਾਵਾ ਜ਼ਿਆਦਾ ਕਰਿਆਕਰਦੀ ਹੈ। ਨਵਜੋਤ ਸਿੰਘ ਸਿੱਧੂ ਨੇ ਇਥੇ ਪੱਤਰਕਾਰਾਂ ਨੂੰ ਕਿਹਾ, "ਮੋਦੀ ਉਸ ਦੁਲਹਨ ਵਰਗੇ ਹਨ, ਜਿਹੜੀ ਰੋਟੀਆਂ ਘੱਟ ਵੇਲਦੀ ਹੈ ਅਤੇ ਚੂੜੀਆਂ ਜ਼ਿਆਦਾ ਛਣਕਾਉਂਦੀ ਹੈ ਤਾਂ ਕਿ ਮੁਹੱਲੇ ਵਾਲਿਆਂ ਨੂੰ ਪਤਾ ਲੱਗ ਸਕੇ ਕਿ ਉਹ ਕੰਮ ਕਰ ਰਹੀ ਹੈ। ਇਹ ਮੈਂ ਅੱਠਵੀਂ ਵਾਰ ਪੁੱਛ ਰਿਹਾ ਹਾਂ ਕਿ ਮੋਦੀ ਪ੍ਰਧਾਨ ਮੰਤਰੀ ਵਜੋਂ ਆਪਣੀ ਬੱਸ ਇੱਕ ਪ੍ਰਾਪਤੀ ਦੱਸ ਦੇਣ।" ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਵਿਰੁੱਧ ਅਪਮਾਨ ਜਨਕ ਟਿੱਪਣੀ ਰਾਹੀਂ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਸਵਾਲ ਉਤੇ ਸਿੱਧੂ ਨੂੰ ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਇੱਕ ਨਵਾਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ।

# ਓਵਰਟੇਕ ਕਰਦੇ ਸਮੇਂ ਹਾਦਸਾ, ਤਿੰਨ ਮੌਤਾਂ

ਹੁਸ਼ਿਆਰਪੁਰ, 12 ਮਈ (ਪੋਸਟ ਬਿਊਰੋ)- ਪਿੰਡ ਮਰਨਾਈਆ-ਅੱਤੋਵਾਲ ਨੇੜੇ ਹੁਸ਼ਿਆਰਪੁਰ-ਫਗਵਾੜਾ ਜੀ ਟੀ ਰੋਡ 'ਤੇ ਸ਼ੁੱਕਰਵਾਰ ਸ਼ਾਮ ਨੂੰ ਰੈਲੀ ਤੋਂ ਮੁੜਦੇ ਐਕਟਿਵਾ ਸਵਾਰ ਤਿੰਨ ਨੌਜਵਾਨਾਂ ਦੀ ਹਾਦਸੇ ਵਿੱਚ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਐਕਟਿਵਾ 'ਤੇ ਤਿੰਨ ਨੌਜਵਾਨ ਸਵਾਰ ਹੋ ਕੇ ਹੁਸ਼ਿਆਰਪੁਰ ਤੋਂ ਫਗਵਾੜਾ ਵੱਲ ਜਾ ਰਹੇ ਸਨ। ਉਹ ਜਦੋਂ ਪਿੰਡ ਅੱਤੋਵਾਲ ਤੇ ਮਰਨਾਈਆ ਵਿਚਾਲੇ ਪੁੱਜੇ ਤਾਂ ਟਰੱਕ ਨੂੰ ਓਵਰਟੇਕ ਕਰਦੇ ਸਮੇਂ ਅੱਗੇ ਆ ਰਹੀ ਤੇਜ਼ ਰਫਤਾਰ ਬਸ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ ਤੇ ਐਕਟਿਵਾ ਸਵਾਰ ਤਿੰਨੇ ਨੌਜਵਾਨ ਸੜਕ 'ਤੇ ਡਿੱਗ ਕੇ ਟਰੱਕ ਥੱਲੇ ਆ ਗਏ। ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ। ਤੀਜੇ ਨੂੰ ਇਲਾਜ ਲਈ ਜਲੰਧਰ ਲੈ ਕੇ ਜਾ ਰਹੇ ਸਨ ਤਾਂ ਉਸ ਨੇ ਰਸਤੇ ਵਿੱਚ ਦਮ ਤੋੜ ਦਿੱਤਾ। ਮ੍ਰਿਤਕਾਂ ਦੀ ਪਛਾਣ ਸੋਮ ਪਾਲ (20) ਤੇ ਰਾਹੁਲ ਪਾਲ (22) ਪੁੱਤਰ ਛਤਰਪਾਲ ਅਤੇ ਰਾਮ ਸ਼ੰਕਰ (18) ਪੁੱਤਰ ਨਨਕੂ ਰਾਮ ਵਾਸੀ ਬਾਬਾ ਗਧੀਆ ਵਿਕਾਸ ਨਗਰ, ਫਗਵਾੜਾ ਹਾਲ ਵਾਸੀ ਕੰਕਰਪੁਰ ਥਾਣਾ ਵਿਸਾਰਤ ਗੰਝ ਬਰੇਲੀ (ਉਤਰ ਪ੍ਰਦੇਸ਼) ਵਜੋਂ ਹੋਈ ਹੈ।

ਥਾਣਾ ਮੇਹਟੀਆਣਾ ਦੀ ਪੁਲਸ ਨੇ ਅਣਪਛਾਤੇ ਬਸ ਚਾਲਕ ਤੇ ਟਰੱਕ ਚਾਲਕ ਖਿਲਾਫ ਕੇਸ ਦਰਜ ਕਰ ਲਿਆ ਹੈ। ਬਸ ਚਾਲਕ ਦਾ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ, ਪਰ ਲੋਕਾਂ ਦੀ ਮਦਦ ਨਾਲ ਟਰੱਕ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਨੇ ਟਰੱਕ ਨੂੰ ਕਬਜ਼ੇ ਵਿੱਚ ਲੈ ਲਿਆ ਹੈ। ਮ੍ਰਿਤਕਾਂ ਦੇ ਰਿਸ਼ਤੇਦਾਰ ਵਿੱਕੀ ਨੇ ਦੱਸਿਆ ਕਿ ਮ੍ਰਿਤਕ ਸੋਮ ਪਾਲ, ਰਾਹੁਲ, ਰਾਮ ਸ਼ੰਕਰ ਤੇ ਇਨ੍ਹਾਂ ਨਾਲ ਦੋ ਹੋਰ ਸਾਥੀ ਅਰਵਿੰਦਰ ਤੇ ਪ੍ਰੀਤਮ ਹੁਸ਼ਿਆਰਪੁਰ ਮਾਡਲ ਟਾਊਨ ਵਿਖੇ ਹੋਈ ਭਾਜਪਾ ਰੈਲੀ ਵਿੱਚ ਗਏ ਸਨ, ਰੈਲੀ ਖਤਮ ਹੁੰਦੇ ਸਾਰ ਘਰ ਨੂੰ ਚੱਲ ਪਏ। ਰਸਤੇ ਵਿਚ ਉਨ੍ਹਾਂ ਨੂੰ ਹਾਦਸੇ ਬਾਰੇ ਜਾਣਕਾਰੀ ਦਿੱਤੀ।




## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ ਫ੍ਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੌਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, ਭਾਂਚ 'ਚਇਨਚਣ,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। ਧਵਿੱਰਚਣਏ ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815810050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

Wanted Office Clerk & Office Administrator
- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com



## ਸਿੱਖਾਂ ਦੇ ਭੜਕਣ ਪਿੱਛੋਂ 1984 ਦੰਗਿਆਂ ਵਾਲੇ ਬਿਆਨ ਲਈ ਸੈਮ ਪਿਤਰੋਦਾ ਨੇ ਮੁਆਫੀ ਮੰਗੀ

ਜਲੰਧਰ, 12 ਮਈ (ਪੋਸਟ ਬਿਊਰੋ)- ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਤਰੋਦਾ ਨੇ ਕਿਹਾ ਹੈ ਕਿ 1984 ਦੇ ਦਿੱਲੀ ਦੰਗਿਆਂ ਬਾਰੇ ਉਨ੍ਹਾਂ ਦੇ ਬਿਆਨ ਨਾਲ ਜੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਉਸ ਦੇ ਲਈ ਮੁਆਫੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਉਹ ਕਿਸੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਦਿੱਲੀ ਵਿੱਚ ਹੋਏ ਸਿੱਖ ਵਿਰੋਧੀ ਦੰਗੇ ਦੇਸ਼ ਦੇ ਇਤਿਹਾਸ ਵਿੱਚ ਇਕ ਦੁਖਦਾਈ ਘਟਨਾ ਸੀ ਅਤੇ ਉਹ ਮੰਗ ਕਰਦੇ ਹਨ ਕਿ ਦੋਸ਼ੀਆਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

ਕੱਲ੍ਹ ਸ੍ਰੀ ਦਰਬਾਰ ਸਾਹਿਬ ਵਿਖੇ ਆਪਣੀ ਪਤਨੀ ਅੰਜਨਾ ਪਿਤਰੋਦਾ ਅਤੇ ਹੋਰਨਾਂ ਨਾਲ ਦਰਸ਼ਨ ਕਰਨ ਪੁੱਜੇ ਸੈਮ ਪਿਤਰੋਦਾ ਨੇ ਇਕ ਅਖਬਾਰ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ 1984 ਦੇ ਦਿੱਲੀ ਦੰਗਿਆਂ ਦੇ ਪੱਖ ਵਿੱਚ ਨਾ ਕਦੀ ਪਹਿਲਾਂ ਸਨ ਤੇ ਨਾ ਅੱਗੋਂ ਕਦੀ ਹੋਣਗੇ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਵਿਚਾਰ ਤੋੜ ਮਰੋੜ ਕੇ ਪੇਸ਼ ਕੀਤਾ ਗਏ ਹਨ, ਅਸਲ ਵਿੱਚ ਉਹ ਅਮਰੀਕਾ ਵਿੱਚ ਰਹਿੰਦੇ ਹਨ ਤੇ ਹਿੰਦੀ ਦਾ ਉਨ੍ਹਾਂ ਨੂੰ ਬਹੁਤਾ ਗਿਆਨ ਨਹੀਂ, ਇਸ ਲਈ ਹਿੰਦੀ ਵਿੱਚ ਕਹੇ ਸ਼ਬਦਾਂ ਨੂੰ ਆਧਾਰ ਬਣਾ ਕੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ ਤਾਂ ਜੋ ਪੰਜਾਬ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਹੋਣ ਵਾਲੀਆਂ ਚੋਣਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਪਿਤਰੋਦਾ ਨੇ ਕਿਹਾ ਕਿ ਇੰਡੀਅਨ ਓਵਰਸੀਜ਼ ਕਾਂਗਰਸ ਨੇ ਪਿਛਲੇ ਕੁਝ ਸਮੇਂ ਦੌਰਾਨ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਵਿਦੇਸ਼ਾਂ ਵਿੱਚ ਸਫਲ ਪ੍ਰੋਗਰਾਮ ਕਰਵਾਏ ਸਨ, ਜਿਸ ਨਾਲ ਪ੍ਰਵਾਸੀ ਭਾਈਚਾਰੇ ਦੇ ਲੋਕ ਰਾਹੁਲ ਗਾਂਧੀ ਨਾਲ ਜੁੜੇ ਸਨ ਅਤੇ ਇਹ ਗੱਲਾਂ ਭਾਜਪਾ ਤੇ ਪ੍ਰਧਾਨ ਮੰਤਰੀ ਨੂੰ ਪਸੰਦ ਨਹੀਂ ਸਨ, ਜਿਸ ਕਾਰਨ ਭਾਰਤ ਆਉਣ 'ਤੇ ਉਨ੍ਹਾਂ ਦੇ ਬਿਆਨ ਦਾ ਗਲਤ ਅਰਥ ਕੱਢਿਆ ਗਿਆ, ਜਦ ਕਿ ਉਨ੍ਹਾਂ ਦੇ ਮਨ ਵਿੱਚ ਸਿੱਖ ਗੁਰੂਆਂ ਅਤੇ ਸਿੱਖ ਭਾਈਚਾਰੇ ਲਈ ਬੇਹੱਦ ਸਨਮਾਨ ਹੈ।

# ‘84 ਕਤਲੇਆਮ ਦੇ ਦਾਗ਼’ ਕਾਂਗਰਸ ਦੀਆਂ 50 ਪੀੜ੍ਹੀਆਂ ਵੀ ਨਹੀਂ ਧੋ ਸਕਣਗੀਆਂ: ਮੋਦੀ

ਹੁਸ਼ਿਆਰਪੁਰ, 12 ਮਈ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੇ ਪ੍ਰਚਾਰ ਲਈ ਪੰਜਾਬ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਸ਼ਿਆਰਪੁਰ ਵਿਖੇ ਚੋਣ ਰੈਲੀ ਵਿੱਚ ਬੋਲਦਿਆਂ ਸਾਲ 1984 ਵਿੱਚ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋਏ ਸਿੱਖ ਕਤਲੇਆਮ ਦੇ ਮੁੱਦੇ ਬਾਰੇ ਕਿਹਾ ਕਿ ਕਾਂਗਰਸ ਦੀਆਂ 50 ਪੀੜ੍ਹੀਆਂ ਵੀ ਇਹ ਦਾਗ ਧੋ ਨਹੀਂ ਸਕਦੀਆਂ।

ਪ੍ਰਧਾਨ ਮੰਤਰੀ ਮੋਦੀ ਨੇ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿੱਚ ਭੇਜਣ ਤੇ ਸਿੱਖਾਂ ਨੂੰ ਨਿਆਂ ਦਿਵਾਉਣ ਦਾ ਸਿਹਰਾ ਏਥੇ ਹੋਈ ਰੈਲੀ ਵਿੱਚ ਆਪਣੇ ਸਿਰ ਲਿਆ। ਹੁਸ਼ਿਆਰਪੁਰ ਦੀ ਰੌਸ਼ਨ ਗਰਾਊਂਡ ਵਿੱਚ ਅੱਜ ਸ਼ਾਮ ਰੈਲੀ ਦੇ ਵੱਡੇ ਇਕੱਠ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ’ ਨਾਲ ਭਾਸ਼ਣ ਸ਼ੁਰੂ ਕਰ ਕੇ ਕਿਹਾ ਕਿ ‘84 ਦੇ ਕਤਲੇਆਮ ਨਾਲ ਕਾਂਗਰਸ ਦੇ ਦਾਮਨ ਉੱਤੇ ਏਡਾ ਵੱਡਾ ਦਾਗ ਲੱਗ ਚੁੱਕਾ ਹੈ ਕਿ ਅਗਲੀਆਂ 50 ਪੀੜ੍ਹੀਆਂ ਵੀ ਇਸ ਨੂੰ ਧੋ ਨਹੀਂ ਸਕਦੀਆਂ। ਉਨ੍ਹਾਂ ਕਿਹਾ ਕਿ “ਕੇਵਲ ਪੰਜਾਬ ਜਾਂ ਸਿੱਖ ਨਹੀਂ, ਸਮੁੱਚਾ ਦੇਸ਼ ਵੀ 1984 ਦਾ ਕਤਲੇਆਮ ਨਹੀਂ ਭੁੱਲ ਸਕਦਾ, ਪਰ ਕਾਂਗਰਸ ਅਤੇ ਗਾਂਧੀ ਪਰਿਵਾਰ ਦੇ ਇਕ ਕਰੀਬੀ ਨੇ ਮੀਡੀਆ ਸਾਹਮਣੇ ਸ਼ਰੇਆਮ ਕਿਹਾ ਹੈ ਕਿ ‘ਜੋ ਹੁਆ, ਸੋ ਹੁਆ’, ਜਿਸ ਦਾ ਭਾਵ ਹੈ ਕਿ ਨਾ ਕਾਂਗਰਸ ਅਤੇ ਨਾ ਗਾਂਧੀ ਪਰਿਵਾਰ ਨੂੰ ਕਿਸੇ ਤਰ੍ਹਾਂ ਦਾ ਕੋਈ ਪਛਤਾਵਾ ਹੈ।” ਉਨ੍ਹਾਂ ਕਾਂਗਰਸ ਬਾਰੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀ ਆਪਣੇ ਪਾਰਟੀ ਆਗੂਆਂ ਨੂੰ ਬਚਾਉਣ ਲਈ ਉਸ ਨੇ ਕਮਿਸ਼ਨ ਬਣਾਉਣ ਤੇ ਕਈ ਹੋਰ ਬਹਾਨੇ ਲਾ ਕੇ ਸਿੱਖਾਂ ਦੇ ਜ਼ਖਮਾਂ ਉੱਤੇ ਲੂਣ ਛਿੜਕਿਆ ਹੈ, ਜਿਸ ਲਈ ਪੰਜਾਬੀ ਤੇ ਖਾਸ ਕਰਕੇ ਸਿੱਖ ਉਸ ਨੂੰ ਕਦੇ ਮਾਫ਼ ਨਹੀਂ ਕਰਨਗੇ।



ਨਰਿੰਦਰ ਮੋਦੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸੰਤ ਰਵਿਦਾਸ ਜੀ ਦੇ ਜਨਮ ਅਸਥਾਨ ਲਈ ਸਾਡੀ ਸਰਕਾਰ ਨੇ ਬੜਾ ਕੁਝ ਕੀਤਾ ਹੈ। ਕਰਤਾਰਪੁਰ ਸਾਹਿਬ ਸਾਥੋਂ ਖੋਹਿਆ ਗਿਆ ਸੀ, ਅਸੀਂ ਓਥੋਂ ਤੱਕ ਲਾਂਘੇ ਦਾ ਇਕ ਰਾਹ ਲੱਭਿਆ ਤਾਂ ਕਾਂਗਰਸ ਦੇ ਦਰਬਾਰੀ ਨੇਤਾ ਪਾਕਿਸਤਾਨ ਦੀ ਤਾਰੀਫ ਕਰਨ ਲੱਗ ਗਏ। ਨਰਿੰਦਰ ਮੋਦੀ ਦਾ ਇਸ਼ਾਰਾ ਨਵਜੋਤ ਸਿੰਘ ਸਿੱਧੂ ਵੱਲ ਸੀ। ਮੋਦੀ ਨੇ ਕਿਹਾ “ਏਸੇ ਕਾਂਗਰਸ ਨੇ ‘ਵੰਨ ਰੈਂਕ ਵੰਨ ਪੈਨਸ਼ਨ’ ਲਈ ਸਾਬਕਾ ਫ਼ੌਜੀਆਂ ਨੂੰ ਧੋਖਾ ਦੇ ਕੇ 40 ਸਾਲ ਲਟਕਾ ਛੱਡਿਆ। ਮੈਂ ਸਾਬਕਾ ਫ਼ੌਜੀਆਂ ਨਾਲ ਵਾਅਦਾ ਕੀਤਾ ਅਤੇ ਉਹ ਕਰ ਵਿਖਾਇਆ ਹੈ। ਉਨ੍ਹਾਂ ਕਿਹਾ ਕਿ ਕਾਂ-ਗਰਸ ਨੇ ਠੱਗਣ ਦਾ ਕੋਈ ਮੌਕਾ ਨਹੀਂ ਸੀ ਛੱਡਿਆ, ਪਰ ਤੁਹਾਡਾ ਇਹ ਚੌਕੀਦਾਰ ਕਾਂਗਰਸ ਦੀਆਂ ਗਲਤੀਆਂ ਠੀਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।” ਮੋਦੀ ਨੇ ਕਿਹਾ, ‘ਸਾਡੇ ਹੱਕ ਦਾ ਪਾਣੀ ਪਾਕਿਸਤਾਨ ਵੱਲ ਚਲਾ ਜਾਂਦਾ ਹੈ। 70 ਸਾਲ ਹੋ ਗਏ, ਮੇਰਾ ਕਿਸਾਨ ਪਾਣੀ ਦੇ ਬਿਨਾਂ ਪਰੇਸ਼ਾਨ ਹੈ। ਕਾਂਗਰਸ ਨੇ 70 ਸਾਲ ਇਹ ਪਾਣੀ ਨਹੀਂ ਰੋਕਿਆ। ਇਨ੍ਹਾਂ ਨੂੰ ਸਮਝ ਸੀ, ਪਰ ਇਨ੍ਹਾਂ ਨੂੰ ਲੱਗਾ ਕਿ ਪਾਣੀ ਰੋਕਣਗੇ ਤਾਂ ਵੋਟ ਬੈਂਕ ਨਰਾਜ਼ ਹੋ ਜਾਵੇਗਾ। ਅਸੀਂ ਫ਼ੈਸਲਾ ਕੀਤਾ ਹੈ, ਹਿੰਦੁਸਤਾਨ ਦੇ ਹੱਕ ਦੀ ਇਕ ਬੂੰਦ ਪਾਣੀ ਵੀ ਪਾਕਿਸਤਾਨ ਨਹੀਂ ਜਾਣ ਦਿਆਂਗੇ, ਸ਼ਾਹਪੁਰ ਕੰਡੀ ਡੈਮ ਕਾਂਗਰਸ ਨੇ ਲਟਕਾ ਰੱਖਿਆ ਸੀ, ਓਥੇ ਕੰਮ ਸ਼ੁਰੂ ਹੋ ਗਿਆ ਹੈ।” ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣ ਰੈਲੀ ਦੇ ਮੰਚ ਉੱਤੇ ਅਕਾਲੀ ਦਲ ਦੇ ਸ੍ਰਪਰਸਤ ਪ੍ਰਕਾਸ਼ ਸਿੰਘ ਬਾਦਲ, ਕੇਂਦਰੀ ਨੇਤਾ ਅਵਿਨਾਸ਼ ਰਾਏ ਖੰਨਾ, ਪੰਜਾਬ ਵਾਲੇ ਤਿੰਨਾਂ ਚੋਣ ਹਲਕਿਆਂ ਵਾਲੇ ਭਾਜਪਾ ਉਮੀਦਵਾਰ ਸੰਨੀ ਦਿਓਲ, ਸੋਮ ਪ੍ਰਕਾਸ਼ ਅਤੇ ਹਰਦੀਪ ਸਿੰਘ ਪੁਰੀ ਵੀ ਮੌਜੂਦ ਹਨ।

ਇਸ ਰੈਲੀ ਵਿੱਚ ਬੋਲਦੇ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਮੋਦੀ ਲਈ ਪੰਜਾਬ ਨਵਾਂ ਨਹੀਂ, ਉਹ ਪੰਜਾਬ ਦੀ ਭਾਜਪਾ ਦੇ ਇੰਚਾਰਜ ਰਹੇ ਹਨ। ਦੇਸ਼ ਵਿਚ ਐਮਰਜੈਂਸੀ ਲੱਗਣ ਵੇਲੇ ਮੋਦੀ ਨੇ ਸਿੱਖ ਸਰੂਪ ਰੱਖਿਆ ਸੀ। ਉਨ੍ਹਾਂ ਦਾ ਪੰਜਾਬ ਨਾਲ ਪੁਰਾਣਾ ਨਾਤਾ ਹੈ। ਬਾਦਲ ਨੇ ਕਿਹਾ ਕਿ ਕਾਂਗਰਸ ਦੇ ਨਹਿਰੂ ਗਾਂਧੀ ਖਾਨਦਾਨ ਨੇ ਪੰਜਾਬੀਆਂ ਨਾਲ ਮਤਰੇਆ ਵਿਹਾਰ ਕੀਤਾ ਹੈ, ਨਹਿਰੂ ਕਹਿੰਦੇ ਸਨ ਕਿ ਪੰਜਾਬੀ ਸੂਬਾ ਮੇਰੀ ਲਾਸ਼ ਉੱਤੇ ਬਣੇਗਾ, ਇਹ ਇਕਲੌਤਾ ਸੂਬਾ ਹੈ, ਜਿਸ ਨੂੰ ਆਪਣੀ ਰਾਜਧਾਨੀ ਵੀ ਨਹੀਂ ਮਿਲ ਸਕੀ। ਇੰਦਰਾ ਗਾਂਧੀ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਵਾਇਆ, ਪਰ ਪੰਜਾਬ ਦਾ ਜੇ ਕਿਸੇ ਨੇ ਮਾਣ ਵਧਾਇਆ ਤਾਂ ਅਟਲ ਬਿਹਾਰੀ ਵਾਜਪਾਈ ਅਤੇ ਨਰਿੰਦਰ ਮੋਦੀ ਨੇ। ਕਰਤਾਰਪੁਰ ਕਾਰੀਡੋਰ ਵੀ ਨਰਿੰਦਰ ਮੋਦੀ ਦੀ ਦੇਣ ਹੈ।” ਉਨ੍ਹਾਂ ਨੇ ਕਾਂਗਰਸ ਨੂੰ ਧੋਖੇਬਾਜ਼ ਪਾਰਟੀ ਕਰਾਰ ਦਿੱਤਾ।

## ਬੇਹੋਸ਼ ਪਾਇਲਟ ਨਾਲ ਚਾਰ ਮਿੰਟ ਤੱਕ ਉਡਦਾ ਰਿਹਾ ਜਹਾਜ਼

ਕੈਨਬਰਾ, 12 ਮਈ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਇੱਕ ਟਰੇਨੀ ਪਾਇਲਟ ਨੇ ਐਡੀਲੇਡ ਹਵਾਈ ਅੱਡੇ ਤੋਂ ਕੰਟਰੋਲ ਖੇਤਰ ਵਿੱਚ ਲਗਭਗ ਚਾਲੀ ਮਿੰਟ ਤੱਕ ਬੇਹੋਸ਼ੀ ਵਿੱਚ ਉਡਾਣ ਭਰੀ ਹੈ।

ਮਿਲੀ ਜਾਣਕਾਰੀ ਮੁਤਾਬਕ ਉਸ ਨੇ ਪਹਿਲਾਂ ਨਾ ਆਪਣੀ ਨੀਂਦ ਪੂਰੀ ਕੀਤੀ ਸੀ ਅਤੇ ਨਾ ਹੀ ਨਾਸ਼ਤਾ ਕੀਤਾ ਸੀ। ਘਟਨਾ ਬੀਤੇ ਨੌਂ ਮਾਰਚ ਦੀ ਹੈ। ਆਸਟਰੇਲੀਆਈ ਟਰਾਂਸਪੋਰਟ ਸੁਰੱਖਿਆ ਬਿਊਰੋ (ਏ ਟੀ ਐੱਸ ਬੀ) ਨੇ ਇਸ ਗੰਭੀਰ ਘਟਨਾ ਬਾਰੇ ਇੱਕ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਫਲਾਈਟ ਟਰੇਨਿੰਗ ਸਕੂਲ ਐਡੀਲੇਡ ਦਾ ਜਹਾਜ਼ ਸ਼ਾਮਲ ਸੀ। ਏ ਟੀ ਐੱਸ ਬੀ ਨੇ ਕਿਹਾ ਕਿ ਟਰੇਨੀ ਪਾਇਲਟ ਨੇ ਉਡਾਣ ਤੋਂ ਪਹਿਲਾਂ ਪੂਰੀ ਨੀਂਦ ਨਹੀਂ ਲਈ ਅਤੇ ਉਡਾਣ ਭਰਨ ਤੋਂ ਪਹਿਲਾਂ ਸਿਰਫ ਚਾਕਲੇਟ ਬਾਰ, ਇੱਕ ਐਨਰਜੀ ਡ੍ਰਿੰਕ ਅਤੇ ਥੋੜ੍ਹਾ ਪਾਣੀ ਪੀਤਾ ਸੀ। ਆਸਟਰੇਲੀਆ ਦੇ ਏ ਬੀ ਸੀ ਨਿਊਜ਼ ਨੇ ਦੱਸਿਆ ਕਿ ਆਪਣੀ ਚਾਲੀ ਮਿੰਟ ਯਾਤਰਾ ਦੌਰਾਨ 5,500 ਫੁੱਟ ਦੀ ਉਡਾਣ ਸਮੇਂ ਉਸ ਨੂੰ ਸਿਰ ਦਾ ਦਰਦ ਹੋਇਆ ਜਿਸ ਦੇ ਬਾਅਦ ਉਸ ਨੇ ਆਟੋਪਾਇਲਟ ਮੋਡ ਆਨ ਕਰ ਦਿੱਤਾ। ਡਾਇਮੰਡ ਡੀ ਏ 40 ਜਹਾਜ਼ ਨੇ ਐਡੀਲੇਡ ਦੇ ਕੰਟਰੋਲ ਵਾਲੇ ਖੇਤਰ ਵਿੱਚ ਬਿਨਾਂ ਮਨਜ਼ੂਰੀ ਐਂਟਰ ਕੀਤਾ। ਏਅਰ ਟਰੈਫਿਕ ਕੰਟਰੋਲ ਨੇ ਕਈ ਵਾਰ ਪਾਇਲਟ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਹੇ। ਇਸ ਦੇ ਬਾਅਦ ਐਡੀਲੇਡ ਦੇ ਦੱਖਣ-ਪੱਛਮ ਵਿੱਚ ਉਡਾਣ ਭਰ ਰਹੇ ਨੇੜੇ ਮੌਜੂਦ ਇੱਕ ਹੋਰ ਜਹਾਜ਼ ਨੇ ਇਸ ਜਹਾਜ਼ ਨੂੰ ਦੇਖਿਆ ਤੇ ਦੱਸਿਆ ਕਿ ਪਾਇਲਟ ਨੂੰ ਹੋਸ਼ ਆ ਗਿਆ ਹੈ। ਪਾਇਲਟ ਫਿਰ ਦੂਸਰੇ ਜਹਾਜ਼ ਦੇ ਐਸਕਾਰਟ ਦੇ ਤਹਿਤ ਪੈਰਾਫੀਲਡ ਹਵਾਈ ਅੱਡੇ 'ਤੇ ਪਰਤ ਆਇਆ।

# ਭਾਰਤੀ ਹਵਾਈ ਫ਼ੌਜ ਨੂੰ ਪਹਿਲਾ ਅਪਾਚੇ ਹੈਲੀਕਾਪਟਰ ਅਮਰੀਕਾ ਤੋਂ ਮਿਲਿਆ

ਨਵੀਂ ਦਿੱਲੀ, 12 ਮਈ, (ਪੋਸਟ ਬਿਊਰੋ)- ਭਾਰਤੀ ਹਵਾਈ ਫ਼ੌਜ ਨੂੰ ਮਸ਼ਹੂਰ ਅਪਾਚੇ ਅਟੈਕ ਹੈਲੀਕਾਪਟਰ ਮਿਲਣ ਲੱਗ ਪਿਆ ਹੈ ਅਤੇ ਇਸ ਹੈਲੀਕਾਪਟਰ ਦੇ ਆਉਣ ਨਾਲ ਭਾਰਤ ਦੀ ਦੁਸ਼ਮਣ ਦੇ ਘਰ ਵਿੱਚ ਵੜ ਕੇ ਮਾਰ ਕਰਨ ਦੀ ਸਮਰੱਥਾ ਵੱਧ ਗਈ ਹੈ। ਅਪਾਚੇ ਹੈਲੀਕਾਪਟਰ ਨੂੰ ਭਾਰਤ ਦੀ ਹਵਾਈ ਫ਼ੌਜ ਦੀਆਂ ਭਵਿੱਖ ਦੀਆਂ ਲੋੜਾਂ ਦੇ ਹਿਸਾਬ ਨਾਲ ਬਣਾਇਆ ਗਿਆ ਅਤੇ ਇਹ ਪਹਾੜੀ ਖੇਤਰ ਵਿੱਚ ਮਹੱਤਵ ਪੂਰਨ ਸਮਰੱਥਾ ਪੇਸ਼ ਕਰੇਗਾ। ਵਰਨਣ ਯੋਗ ਹੈ ਕਿ ਅਪਾਚੇ ਹੈਲੀਕਾਪਟਰ ਨੂੰ ਅਮਰੀਕੀ ਕੰਪਨੀ ਬੋਇੰਗ ਨੇ ਇਸ ਤਰ੍ਹਾਂ ਡਿਜ਼ਾਈਨ ਕੀਤਾ ਹੈ ਕਿ ਇਹ ਦੁਸ਼ਮਣ ਦੀ ਕਿਲ੍ਹੇਬੰਦੀ ਤੋੜ ਕੇ ਉਸ ਉੱਤੇ ਸਟੀਕ ਹਮਲਾ ਕਰ ਸਕਦਾ ਹੈ। ਇਹ ਪਹਿਲਾ ਅਜਿਹਾ ਹੈਲੀਕਾਪਟਰ ਹੈ ਜਿਹੜਾ ਸ਼ੁੱਧ ਰੂਪ ਨਾਲ ਹਮਲਾ ਕਰਨ ਦਾ ਕੰਮ ਕਰੇਗਾ। ਇਸ ਨੂੰ ਪਾਕਿਸਤਾਨ ਤੇ ਚੀਨ ਦੀਆਂ ਸਰਹੱਦਾਂ ਉੱਤੇ ਤਾਇਨਾਤ ਕੀਤਾ ਜਾਵੇਗਾ। ਫੌਜੀ ਮਾਮਲਿਆਂ ਦੇ ਜਾਣਕਾਰ ਮੰਨਦੇ ਹਨ ਕਿ ਅਪਾਚੇ ਜੰਗ ਦੇ ਸਮੇਂ ਗੇਮ ਚੇਂਜਰ ਸਾਬਿਤ ਹੋ ਸਕਦਾ ਹੈ। ਇਸ ਨਾਲ ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਆਸਾਨੀ ਨਾਲ ਤਬਾਹ ਕੀਤਾ ਜਾ ਸਕੇਗਾ।

ਅਮਰੀਕੀ ਫੌਜ ਨੇ ਆਪਣੇ ਇਸ ਅਟੈਕ ਹੈਲੀਕਾਪਟਰ ਨੂੰ ਪਨਾਮਾ ਤੋਂ ਅਫ਼ਗਾਨਿਸਤਾਨ ਤੇ ਇਰਾਕ ਤਕ ਦੁਸ਼ਮਣਾਂ ਨਾਲ ਲੜਨ ਲਈ ਵਰਤਿਆ ਹੈ। ਇਜ਼ਰਾਈਲ ਵੀ ਲਿਬਨਾਨ ਅਤੇ ਗਾਜ਼ਾ ਪੱਟੀ ਵਿੱਚ ਆਪਣੇ ਫ਼ੌਜੀ ਆਪਰੇਸ਼ਨ ਵਿੱਚ ਇਸੇ ਅਟੈਕ ਹੈਲੀਕਾਪਟਰ ਨੂੰ ਵਰਤਦਾ ਹੈ। ਅਪਾਚੇ ਹੈਲੀਕਾਪਟਰ ਦੋ ਜਨਰਲ ਇਲੈਕਟ੍ਰਿਕ ਟੀ-700 ਟਰਬੋਸ਼ੈਫਟ ਇੰਜਣ ਨਾਲ ਲੈਸ ਹੈ ਤੇ ਇਸ ਦੇ ਅੱਗੇ ਇਕ ਸੈਂਸਰ ਫਿੱਟ ਹੈ ਜਿਸ ਨਾਲ ਇਹ ਰਾਤ ਦੇ ਹਨੇਰੇ ਵਿੱਚ ਵੀ ਉਡਾਣ ਭਰ ਸਕਦਾ ਹੈ। ਇਹ 365 ਕਿਲੋਮੀਟਰ ਪ੍ਰਤੀ ਘੰਟੇ ਰਫ਼ਤਾਰ ਨਾਲ ਉੱਡ ਸਕਦਾ ਹੈ। ਏਨੀ ਤੇਜ਼ ਰਫ਼ਤਾਰ ਦੇ ਕਾਰਨ ਇਹ ਆਸਾਨੀ ਨਾਲ ਦੁਸ਼ਮਣ ਦੇ ਇਲਾਕੇ ਵਿਚ ਵੜ ਕੇ ਉਸ ਦੇ ਪਰਖੱਚੇ ਉਡਾ ਸਕਦਾ ਹੈ। ਇਸ ਵਿੱਚ ਹੈਲੀਫਾਇਰ ਤੇ ਸਟ੍ਰਿੰਗਰ ਮਿਜ਼ਾਈਲਾਂ ਲੱਗੀਆਂ ਹਨ ਅਤੇ ਦੋਵੇਂ ਪਾਸੇ 30ਐੱਮ ਐੱਮ ਦੀਆਂ ਦੋ ਬੰਦੂਕਾਂ ਹਨ। ਇਸ ਦੀਆਂ ਮਿਜ਼ਾਈਲਾਂ ਦਾ ਪੇਲੋਡ ਏਨੇ ਤਿੱਖੇ ਵਿਸਫੋਟਕਾਂ ਨਾਲ ਭਰਿਆ ਹੁੰਦਾ ਹੈ ਕਿ ਦੁਸ਼ਮਣ ਦਾ ਬਚ ਨਿਕਲਣਾ ਨਾਮੁ-ਮਕਿਨ ਹੁੰਦਾ ਹੈ। ਇਸ ਹੈਲੀਕਾਪਟਰ ਨੂੰ ਏਦਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਜੰਗੀ ਇਲਾਕੇ ਦੇ ਹਰ ਹਾਲਾਤ ਵਿੱਚ ਟਿਕ ਸਕਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਅਪਾਚੇ ਅਟੈਕ ਹੈਲੀਕਾਪਟਰ ਦਾ ਸਭ ਤੋਂ ਖਾਸ ਫੀਚਰ ਇਸ ਦਾ ਹੈਲਮਟ ਮਾਊਂਟਿਡ ਡਿਸਪਲੇ, ਇੰਟੀਗ੍ਰੇਟਿਡ ਹੈਲਮਟ ਤੇ ਡਿਸਪਲੇ ਸਾਈਟਿੰਗ ਸਿਸਟਮ ਹੈ, ਜਿਸ ਨਾਲ ਪਾਇਲਟ ਹੈਲੀਕਾਪਟਰ ਵਿੱਚ ਲੱਗੀ ਹੋਈ ਆਟੋਮੈਟਿਕ ਐੱਮ 230 ਚੇਨ ਗੰਨ ਨਾਲ ਦੁਸ਼ਮਣ ਨੂੰ ਮਾਰ ਕਰ ਸਕਦਾ ਹੈ। ਭਾਰਤੀ ਹਵਾਈ ਫ਼ੌਜ ਦੇ ਬੁਲਾਰੇ ਗਰੁੱਪ ਕੈਪਟਨ ਅਨੁਪਮ ਬੈਨਰਜੀ ਨੇ ਕਿਹਾ, ‘ਪਹਿਲਾ ਏ ਐੱਚ-64ਈ (ਆਈ) ਅਪਾਚੇ ਗਾਰਡੀਅਨ ਹੈਲੀਕਾਪਟਰ ਭਾਰਤ ਦੀ ਹਵਾਈ ਫ਼ੌਜ ਨੂੰ ਏਰੀਜੋਨਾ ਵਿੱਚ ਬੋਇੰਗ ਦੇ ਅਦਾਰੇ ਵਿਚ ਰਸਮੀ ਰੂਪ ਨਾਲ ਸੌਂਪ ਦਿੱਤਾ ਗਿਆ ਹੈ।’ ਭਾਰਤ ਨੇ ਸਤੰਬਰ 2015 ਵਿੱਚ 22 ਅਪਾਚੇ ਹੈਲੀਕਾਪਟਰਾਂ ਲਈ ਅਮਰੀਕੀ ਸਰਕਾਰ ਅਤੇ ਬੋਇੰਗ ਲਿਮਟਿਡ ਨਾਲ ਅਰਬਾਂ ਡਾਲਰ ਦੇ ਸੌਦੇ ਉੱਤੇ ਦਸਖ਼ਤ ਕੀਤੇ ਸਨ। ਇਨ੍ਹਾਂ ਦੀ ਪਹਿਲੀ ਖੇਪ ਇਸ ਸਾਲ ਜੁਲਾਈ ਤਕ ਭਾਰਤ ਪੁੱਜਣ ਦੀ ਆਸ ਹੈ। ਭਾਰਤ ਦੀ ਫ਼ੌਜ ਰੂਸ ਦੇ ਬਣੇ ਐੱਮ ਆਈ-35 ਦੀ ਵਰਤੋਂ ਕਈ ਸਾਲਾਂ ਤੋਂ ਕਰ ਰਹੀ ਹੈ, ਪਰ ਇਹ ਅੱਜ ਕੱਲ੍ਹ ਰਿਟਾਇਰ ਹੋਣ ਵਾਲਾ ਹੈ।

# ਨਕੋਦਰ ਬੇਅਦਬੀ ਵਰਗੇ ਕਾਂਡ ਤਾਂ ਹੁੰਦੇ ਹੀ ਰਹਿੰਦੇ ਨੇ: ਬਾਦਲ

ਜਲੰਧਰ, 12 ਮਈ (ਪੋਸਟ ਬਿਊਰੋ)- ਬਰਗਾੜੀ ਅਤੇ ਬੇਅਦਬੀ ਦੇ ਹੋਰ ਮਾਮਲਿਆਂ 'ਚ ਬੁਰੀ ਤਰ੍ਹਾਂ ਘਿਰੇ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਜਦੋਂ ਪੰਥਕ ਧਿਰਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਓਦੋਂ ਕੱਲ੍ਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਕਹਿ ਦਿੱਤਾ ਕਿ ਨਕੋਦਰ ਵਰਗੇ ਕਾਂਡ ਤਾਂ ਵਾਪਰਦੇ ਰਹਿੰਦੇ ਹਨ। ਉਹ ਕੱਲ੍ਹ ਕਰਤਾਰਪੁਰ ਵਿੱਚ ਚੋਣ ਰੈਲੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਵਰਨਣ ਯੋਗ ਹੈ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਫਰਵਰੀ 1986 ਵਿੱਚ ਵਾਪਰੇ ਨਕੋਦਰ ਬੇਅਦਬੀ ਕਾਂਡ ਬਾਰੇ ਜਦੋਂ ਪੁੱਛਿਆ ਗਿਆ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਹੋ ਜਿਹੇ ਕਾਂਡ ਮਾੜੇ ਤਾਂ ਹਨ, ਪਰ ਅਜਿਹੇ ਕਾਂਡ ਵਾਪਰਦੇ ਰਹਿੰਦੇ ਹਨ। ਪੱਤਰਕਾਰਾਂ ਦੇ ਸਵਾਲਾਂ ਵਿੱਚ ਘਿਰੇ ਹੋਏ ਪ੍ਰਕਾਸ਼ ਸਿੰਘ ਬਾਦਲ ਨੂੰ ਬਚਾਉਣ ਲਈ ਅਕਾਲੀ ਦਲ ਦੇ ਸਮਰਥਕ ਉਚੀ-ਉਚੀ ਜੈਕਾਰੇ ਲਾਉਣ ਲੱਗ ਪਏ।



ਅਸਲ ਵਿੱਚ ਦੋ ਫਰਵਰੀ 1986 ਨੂੰ ਨਕੋਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸੜ ਗਈਆਂ ਦਾ ਰੋਸ ਪ੍ਰਗਟ ਕਰ ਰਹੇ ਸਿੱਖਾਂ ਉੱਤੇ ਚਾਰ ਫਰਵਰੀ ਨੂੰ ਪੁਲਸ ਵੱਲੋਂ ਚਲਾਈ ਗੋਲੀ 'ਚ ਚਾਰ ਸਿੱਖ ਨੌਜਵਾਨ ਮਾਰੇ ਗਏ ਸਨ। ਪੰਜਾਬ ਪੁਲਸ ਨੇ ਚਾਰੇ ਨੌਜਵਾਨਾਂ ਦੀਆਂ ਲਾਸ਼ਾਂ ਲਾਵਾਰਸ ਕਹਿ ਕੇ ਸਾੜ ਦਿੱਤੀਆਂ ਸਨ। ਸਾਲ 2001 ਵਿੱਚ ਮੁੱਖ ਮੰਤਰੀ ਹੁੰਦੇ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਨਕੋਦਰ ਕਾਂਡ ਬਾਰੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕੀਤੀ ਸੀ ਤੇ ਓਦੋਂ ਦੇ ਵਿਧਾਨ ਸਭਾ ਸਪੀਕਰ ਚਰਨਜੀਤ ਸਿੰਘ ਅਟਵਾਲ ਸਨ, ਜਿਹੜੇ ਇਸ ਵਕਤ ਸ਼੍ਰੋਮਣੀ ਅਕਾਲੀ ਦਲ ਦੇ ਜਲੰਧਰ ਤੋਂ ਉਮੀਦਵਾਰ ਹਨ। ਲੋਕ ਸਭਾ ਚੋਣਾਂ 'ਚ ਬੇਅਦਬੀ ਕਾਂਡ ਚੋਣ ਮੁੱਦਾ ਹੋਣ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਬਾਦਲ ਨੇ ਕਿਹਾ ਕਿ ਬੇਅਦਬੀ ਕੋਈ ਮੁੱਦਾ ਨਹੀਂ ਰਹਿ ਗਿਆ, ਬਾਲਾਕੋਟ ਵੱਡਾ ਮੁੱਦਾ ਬਣ ਗਿਆ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਲਾਕੋਟ ਵਰਗੀ ਕਾਰਵਾਈ ਕਰਕੇ ਕਮਾਲ ਕਰ ਦਿੱਤੀ ਹੈ।

ਪੰਜਾਬ ਵਿੱਚ ਹੋਏ ਝੂਠੇ ਪੁਲਸ ਮੁਕਾਬਲਿਆਂ ਬਾਰੇ ਸਵਾਲਾਂ ਦਾ ਸਿੱਧਾ ਜਵਾਬ ਦਿੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜਿਨ੍ਹਾਂ ਪੁਲਸ ਅਫਸਰਾਂ ਨੇ ਝੂਠੇ ਮੁਕਾਬਲੇ ਕੀਤੇ ਸਨ, ਉਨ੍ਹਾਂ ਨੂੰ 10-10 ਸਾਲ ਦੀ ਸਜ਼ਾ ਵੀ ਹੋਈ ਸੀ। ਖਡੂਰ ਸਾਹਿਬ ਤੋਂ ਚੋਣ ਲੜ ਰਹੀ ਬੀਬੀ ਪਰਮਜੀਤ ਕੌਰ ਖਾਲੜਾ ਦਾ ਦਾਅਵਾ ਹੈ ਕਿ 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਪੁਲਸ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਇਸ ਉੱਤੇ ਟਿੱਪਣੀ ਕਰਦਿਆਂ ਬਾਦਲ ਨੇ ਕਿਹਾ ਕਿ ਉਨ੍ਹਾਂ ਕੋਲ ਜਿਹੜਾ ਵੀ ਆਇਆ, ਉਸ ਦੀ ਉਨ੍ਹਾਂ ਮਦਦ ਕੀਤੀ ਹੈ। ਬੀਬੀ ਖਾਲੜਾ ਬਾਰੇ ਉਨ੍ਹਾ ਕਿਹਾ ਕਿ ਉਨ੍ਹਾਂ ਦੀ ਵੀ ਜ਼ਰੂਰ ਮਦਦ ਕੀਤੀ ਹੋਵੇਗੀ। ਬਾਦਲ ਨੇ ਕਿਹਾ ਕਿ ਉਨ੍ਹਾਂ ਕਦੇ ਕਿਸੇ ਨਾਲ ਧੱਕਾ ਨਹੀਂ ਕੀਤਾ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖ਼ਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਆਪੇ ਰੰਗੁ ਮਜੀਠ

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਮਨੁੱਖ ਤੇ ਮਜੀਠ ਦਾ ਸਬੰਧ ਸਦੀਆਂ ਪੁਰਾਣਾ ਹੈ। ਮਨੁੱਖੀ ਜੀਵਨ ਰੰਗਾਂ ਬਿਨਾਂ ਅਧੂਰਾ ਹੈ। ਜਦ ਵੀ ਰੰਗਾਂ ਦੀ ਗੱਲ ਤੁਰਦੀ ਹੈ ਤਾਂ ਕੱਚੇ ਤੇ ਪੱਕੇ ਰੰਗਾਂ ਬਾਰੇ ਚਰਚਾ ਹੋਣੀ ਸੁਭਾਵਿਕ ਹੁੰਦੀ ਹੈ। ਕੱਚੇ ਅਤੇ ਪੱਕੇ ਵਿੱਚੋਂ ਪੱਕੇ ਦੀ ਅਹਿਮੀਅਤ ਹਮੇਸ਼ਾਂ ਅਹਿਮ ਮੰਨੀ ਜਾਂਦੀ ਹੈ। ਕੁਦਰਤੀ ਰੂਪ ਵਿੱਚ ਪੱਕੇ ਰੰਗ ਦੀ ਪ੍ਰਾਪਤੀ ਸਬੰਧੀ ਸਭ ਤੋਂ ਅਹਿਮ 'ਮਜੀਠ' ਮੰਨਿਆ ਗਿਆ ਹੈ। ਅੱਜ ਅਸੀਂ ਲੱਖ ਬਣਾਵਟੀ ਰੰਗਾਂ ਦੇ ਆਦੀ ਹੋ ਚੱਲੇ ਹਾਂ, ਪਰ 'ਮਜੀਠ' ਦੇ ਰੰਗ ਦੀ ਤੁਲਨਾ ਹੀ ਨਹੀਂ। ਮਨੁੱਖ ਦੀ ਮਜੀਠ ਨਾਲ ਗੂੜ੍ਹੀ ਨੇੜਤਾ ਹੋਣ ਕਰਕੇ ਇਸ ਦਾ ਜ਼ਿਕਰ ਵੇਦਾਂ, ਗ੍ਰੰਥਾਂ ਵਿੱਚ ਬਾਖੂਬੀ ਵੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਜੀਠ ਦਾ ਜ਼ਿਕਰ ਅਨੇਕ ਵਾਰ ਵੇਖਣ ਨੂੰ ਮਿਲਦਾ ਹੈ। ਵੱਖ-ਵੱਖ ਗੁਰੂ ਸਾਹਿਬਾਨ ਨੇ ਮਜੀਠ ਦੇ ਰੰਗ ਦਾ ਹਵਾਲਾ ਦਿੰਦਿਆਂ ਮਨੁੱਖ ਨੂੰ ਰੱਬ ਦੇ ਰੰਗਾਂ ਵਿੱਚ ਪੱਕੇ ਤੌਰ 'ਤੇ ਢਲਣ ਜਾਂ ਘੁਲਣ ਦਾ ਸੁਨੇਹਾ ਦਿੱਤਾ ਹੈ।

*ਆਪੇ ਹੀਰਾ ਨਿਰਮਲਾ*
*ਆਪੇ ਰੰਗੁ ਮਜੀਠ॥*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਤੁਕ ਰਾਹੀਂ ਸੱਚੇ ਪਾਤਸ਼ਾਹ ਨੂੰ ਸੰਬੋਧਨ ਕਰਦਿਆਂ ਕਿਹਾ ਹੈ 'ਹੇ ਪ੍ਰਭੂ! ਤੂੰ ਆਪ ਹੀ ਚਮਕਦਾ ਹੀਰਾ ਹੈਂ, ਤੂੰ ਆਪ ਹੀ ਮਜੀਠ ਦਾ ਰੰਗ ਹੈਂ।' ਮਜੀਠ ਦੇ ਪੱਕੇ ਰੰਗ ਨੂੰ ਪ੍ਰਭੂ ਦੇ ਰੰਗਾਂ ਦਾ ਹਵਾਲਾ ਦਿੰਦਿਆਂ ਸ੍ਰੀ ਗੁਰੂ ਅਮਰ ਦਾਸ ਜੀ ਨੇ ਫਰਮਾਇਆ ਹੈ:

*ਸਜਣੁ ਮੈਡਾ ਰੰਗੁਲਾ ਰੰਗ ਲਾਏ ਮਨੁ ਲੇਇ॥*
*ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ॥*
*ਨਾਨਕ ਰੰਗੁ ਨਾ ਉਤਰੈ ਬਿਆ ਨਾ ਲਗੈ ਕੇਹ॥*

ਪੁਰਾਣੇ ਵੇਲਿਆਂ ਵਿੱਚ ਫੁਲਕਾਰੀ ਜਾਂ ਹੋਰ ਵਸਤਰਾਂ ਨੂੰ ਰੰਗਣ ਲਈ ਮਜੀਠ ਤੇ ਕਿੱਕਰ ਦੇ ਸੱਕ ਦੀ ਵਰਤੋਂ ਕੀਤੀ ਜਾਂਦੀ ਸੀ। ਰੰਗਣ ਦੀ ਪੁਰਾਤਨ ਵਿਧੀ ਇਹੀ ਸੀ ਕਿ ਜਿਸ ਵਸਤੂ ਨੂੰ ਰੰਗਣਾ ਹੋਵੇ, ਪਹਿਲਾਂ ਉਸ ਲਈ ਘੋਲ ਤਿਆਰ ਕੀਤਾ ਜਾਂਦਾ ਹੈ ਅਤੇ ਅੱਗ 'ਤੇ ਸੇਕ ਲਵਾਇਆ ਜਾਂਦਾ ਹੈ। ਅੱਗ ਦੇ ਸੇਕ ਦੀ ਉਦਾਹਰਣ ਦਿੰਦੇ ਹੋਏ ਭਾਈ ਗੁਰਦਾਸ ਜੀ ਆਪਣੀ ਵਾਰ ਵਿੱਚ ਲਿਖਦੇ ਹਨ:

*ਭਲਾ ਸੁਭਾਉ ਮਜੀਠ ਦਾ*
*ਸਹੈ ਅਵਟਣੁ ਰੰਗ ਚੜ੍ਹਾਏ।*

ਭਾਵ ਇਹ ਕਿ ਮਜੀਠ ਦਾ ਚੰਗਾ ਸੁਭਾਉ ਹੈ ਕਿ ਉਹ ਅੱਗ ਦਾ ਸੇਕ ਸਹਾਰਦਾ ਹੈ, ਪਰ ਕੱਪੜੇ ਨੂੰ ਰੰਗ ਚੜ੍ਹਾਉਂਦਾ ਹੈ। ਮਜੀਠ ਦੇ ਪੌਦੇ ਤੋਂ ਗੂੜ੍ਹੇ ਲਾਲ ਰੰਗ ਦੀ ਪ੍ਰਾਪਤੀ ਕੀਤੀ ਜਾਂਦੀ ਹੈ ਅਤੇ ਰੰਗ ਪ੍ਰਾਪਤੀ ਲਈ ਪੌਦੇ ਦੀ ਜੜ੍ਹ ਅਤੇ ਜੜ੍ਹ ਨੇੜਲਾ ਹਿੱਸਾ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਧਰਤੀ ਵਿੱਚੋਂ ਜੜ੍ਹ ਕੱਢ ਕੇ ਰੰਗ ਦੀ ਪ੍ਰਾਪਤੀ ਦੇ ਸਦਰੰਭ ਵਿੱਚ ਭਾਈ ਗੁਰਦਾਸ ਜੀ ਨੇ ਫਰਮਾਇਆ ਹੈ:

*ਧਰਤੀ ਉਖਣਿ ਕਢੀਐ*
*ਮੂਲ ਮਜੀਠ ਜੜੀ ਜੜਤਾਰੇ।*

ਸਿੱਖ ਧਰਮ ਦੇ ਨਾਲ ਪੰਜਾਬ ਅਤੇ ਸਾਰੇ ਪੰਜਾਬੀਆਂ ਨਾਲ ਵੀ ਮਜੀਠ ਦਾ ਸਬੰਧ ਸਦੀਆਂ ਪੁਰਾਣਾ ਹੈ। ਅੰਮ੍ਰਿਤਸਰ ਵਿੱਚ 'ਮਜੀਠ ਮੰਡੀ' ਸਦੀਆਂ ਪੁਰਾਣੀ ਹੈ। ਅੰਮ੍ਰਿਤਸਰ ਦੇ ਅਨੇਕਾਂ ਪੁਰਾਤਨ ਬਾਜ਼ਾਰਾਂ ਜਿਵੇਂ ਪਾਪੜਾਂ ਵਾਲਾ ਬਾਜ਼ਾਰ ਜਾਂ ਸੁਨਿਆਰਾ ਬਾਜ਼ਾਰ ਆਦਿ ਵਿੱਚ ਮਜੀਠ ਮੰਡੀ ਵੀ ਸ਼ਾਮਲ ਹੈ। ਲੋਕ ਦੱਸਦੇ ਹਨ ਕਿ ਪਹਿਲਾਂ ਇਸ ਮੰਡੀ ਵਿੱਚ ਜ਼ਿਆਦਾ ਦੁਕਾਨਾਂ ਮਜੀਠ ਰੰਗ ਦੇ ਥੋਕ ਵਪਾਰੀਆਂ ਦੀਆਂ ਹੁੰਦੀਆਂ ਸਨ। ਅੱਜ ਸਥਿਤੀ ਪਹਿਲਾਂ ਤੋਂ ਕਾਫੀ ਬਦਲ ਚੁੱਕੀ ਹੈ। ਮਜੀਠ ਨਾਂ ਦਾ ਪਦਾਰਥ ਮਜੀਠ ਮੰਡੀ ਅਤੇ ਉਥੋਂ ਦੇ ਵਪਾਰੀਆਂ ਦੇ ਮਨੋਂ ਵੀ ਵਿਸਰਦਾ ਜਾ ਰਿਹਾ ਹੈ। ਦਰਅਸਲ ਸਾਡੀ ਕੁਦਰਤੀ ਨਿਆਮਤਾਂ ਤੋਂ ਵਧਦੀ ਦੂਰੀ ਨੇ ਬਣਾਵਟੀ ਤੇ ਰਸਾਇਣਿਕ ਰੰਗਾਂ ਨੂੰ ਮੂਹਰੇ ਲਿਆਂਦਾ ਹੈ।

ਮਜੀਠ ਨਾਮੀ ਪੌਦੇ ਦਾ ਵਿਗਿਆਨਕ ਨਾਂ 'ਰੂਬੀਆ ਕਾਰਡੀਫੋਲੀਆ' ਹੈ ਅਤੇ ਸਾਰੇ ਵਿਸ਼ਵ ਵਿੱਚ ਇਸ ਪੌਦੇ ਨੂੰ 'ਇੰਡੀਅਨ ਮੈਡਰ' ਦੇ ਨਾਂ ਨਾਲ ਜਣਿਆ ਜਾਂਦਾ ਹੈ। ਇਹ ਵੇਲ-ਨੁਮਾ ਪੌਦਾ ਹੁੰਦਾ ਹੈ ਜੋ ਸਹਾਰੇ ਨਾਲ ਉਪਰ ਵੱਲ ਨੂੰ ਜਾਂਦਾ ਹੈ। ਮਜੀਠ ਦੇ ਪੱਤੇ ਦਿਲ ਦੇ ਆਕਾਰ ਜਾਂ ਪਾਨ ਦੇ ਪੱਤੇ ਵਰਗੇ ਹੁੰਦੇ ਹਨ ਅਤੇ ਦੂਰੋਂ ਵੇਖਣ 'ਤੇ ਅੰਡਕਾਰ ਜਿਹੇ ਵੀ ਜਾਪਦੇ ਹਨ। ਪੌਦੇ ਦੀਆਂ ਟਾਹਣੀਆਂ ਤੇ ਤਣਾ ਚਾਰ-ਕੋਨਾ ਹੁੰਦਾ ਹੈ। ਮਜੀਠ ਨੂੰ ਛੋਟੇ-ਛੋਟੇ ਹਲਕੇ ਪੀਲੇ ਜਿਹੀ ਭਾਅ ਮਾਰਦੇ ਫੁੱਲ ਲੱਗਦੇ ਹਨ। ਪੀਲੀ ਭਾਅ ਮਾਰਦੇ ਫੁੱਲ ਸਮਾਂ ਪਾ ਕੇ ਛੋਟੇ-ਛੋਟੇ ਗੋਲ ਲਾਲ ਅਤੇ ਕਾਲੇ ਫਲਾਂ ਵਿੱਚ ਤਬਦੀਲ ਹੋ ਜਾਂਦੇ ਹਨ ਜਿਨ੍ਹਾਂ ਅੰਦਰ ਗੁੱਦਾ ਅਤੇ ਦੋ ਬੀਜ ਪਾਏ ਜਾਂਦੇ ਹਨ। ਮਜੀਠ ਦੇ ਪੌਦੇ ਦੀਆਂ ਜੜ੍ਹਾਂ ਅਤੇ ਹੇਠਲੀਆਂ ਟਾਹਣੀਆਂ ਵਿੱਚੋਂ ਜੋ ਕੀਮਤੀ ਰੰਗ ਪਦਾਰਥ ਪ੍ਰਾਪਤ ਹੁੰਦਾ ਹੈ, ਉਹ 'ਮਜੀਠ' ਅਖਵਾਉਂਦਾ ਹੈ। ਮਜੀਠ ਨਾਮੀ ਰੰਗ ਵਾਲਾ ਪਦਾਰਥ ਦਰਅਸਲ ਦੋ ਤੱਤਾਂ ਐਲੀਜ਼ਰੀਨ ਅਤੇ ਪਰਪਿਊਰਿਨ ਦੇ ਮਿਸ਼ਰਣ ਤੋਂ ਬਣਿਆ ਹੁੰਦਾ ਹੈ।

ਇਕ ਸਮਾਂ ਹੁੰਦਾ ਸੀ ਜਦੋਂ ਰੰਗਾਂ ਵਿੱਚ ਮਜੀਠ ਦੀ ਸਰਦਾਰੀ ਹੁੰਦੀ ਸੀ। ਰੇਸ਼ਮੀ, ਊਨੀ, ਸੂਤੀ ਆਦਿ ਅਨੇਕਾਂ ਤਰ੍ਹਾਂ ਦੇ ਵਸਤਰ ਇਸ ਨਾਲ ਰੰਗੇ ਜਾਂਦੇ ਸਨ। ਵਸਤਰਾਂ ਤੋਂ ਇਲਾਵਾ ਕਲਾਕਾਰ ਲੋਕ ਕਲਾਕ੍ਰਿਤਾਂ ਬਣਾਉਣ ਲਈ ਇਸ ਰੰਗ ਦੀ ਬਹੁਤ ਵਰਤੋਂ ਕਰਦੇ ਹਨ। ਬਾਰੀਕੀ ਵਿੱਚ ਕਲਾਕ੍ਰਿਤਾਂ ਬਣਾਉਣ ਵਾਲੇ ਜਾਂ ਫਿਰ ਅੱਖਰਕਾਰੀ, ਜਿਸ ਨੂੰ ਕੈਲੀਗਰਾਫੀ ਕਿਹਾ ਜਾਂਦਾ ਹੈ, ਕਰਨ ਵਾਲੇ ਵੀ ਇਸ ਨੂੰ ਵਰਤੋਂ ਵਿੱਚ ਲਿਆਉਂਦੇ ਸਨ। ਅੱਜ ਵੀ ਗੂੜ੍ਹਾ ਗਿਆਨ ਰੱਖਦੇ ਰੰਗਾਂ ਦੇ ਕਲਾਕਾਰ ਮਜੀਠ ਦੀ ਅਹਿਮੀਅਤ ਨੂੰ ਸਮਝਦੇ ਹੋਏ ਆਪਣੀ ਕਲਾ ਵਿੱਚ ਵਰਤਦੇ ਹਨ।

ਮਜੀਠ ਇਨਸਾਫ ਲਈ ਸਿਰਫ ਰੰਗ ਦੇ ਗੁਣਾਂ ਕਰਕੇ ਹੀ ਮਹੱਤਵ ਨਹੀਂ ਰੱਖਦਾ, ਸਗੋਂ ਇਹ ਹੋਰ ਵੀ ਅਹਿਮ ਗੁਣਾਂ ਸਦਕਾ ਸਾਡੇ ਜੀਵਨ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਮਜੀਠ ਦੇ ਪੌਦੇ ਦੇ ਵੱਖ-ਵੱਖ ਭਾਗਾਂ ਤੋਂ ਅਨੇਕਾਂ ਦਵਾਈਆਂ ਦੇ ਨੁਸਖੇ ਤਿਆਰ ਕੀਤੇ ਜਾਂਦੇ ਹਨ। ਆਯੁਰਵੇਦ ਪ੍ਰਣਾਲੀ ਵਿੱਚ ਮਜੀਠ ਦਾ ਅਹਿਮ ਸਥਾਨ ਹੈ। ਮਜੀਠ ਦੇ ਦਵਾਈਆਂ ਵਾਲੇ ਗੁਣਾਂ ਦੀ ਗੱਲ ਕਰੀਏ ਤਾਂ ਚਮੜੀ ਰੋਗਾਂ ਲਈ ਇਹ ਬੇਹੱਦ ਲਾਭਕਾਰੀ ਮੰਨਿਆ ਜਾਂਦਾ ਹੈ। ਇਹ ਪੁਰਾਣੇ ਜ਼ਖਮ, ਛਾਈਆਂ, ਫੁਲਬਹਿਰੀ ਆਦਿ ਅਨੇਕਾਂ ਰੋਗਾਂ ਵਿੱਚ ਸਹਾਈ ਹੁੰਦਾ ਹੈ। ਪੇਟ ਦੇ ਕੀੜੇ, ਦਸਤਾਂ ਆਦਿ ਲਈ ਨੁਸਖੇ ਤਿਆਰ ਕੀਤੇ ਜਾਂਦੇ ਹਨ। ਗੈਸ, ਗਠੀਆ, ਸ਼ੂਗਰ, ਪਿਸ਼ਾਬ ਦਾ ਬੰਨ੍ਹ, ਬੱਚੇਦਾਨੀ ਦੇ ਰੋਗ, ਮਹਾਂਵਾਰੀ ਦੀ ਤਕਲੀਫ, ਚਿਹਰੇ ਦੀਆਂ ਤਕਲੀਫਾਂ, ਲਹੂ ਸਾਫ ਕਰਨਾ, ਦਿਮਾਗੀ ਪ੍ਰੇਸ਼ਾਨੀ, ਜੋੜਾਂ ਦੇ ਰੋਗ, ਪੇਟ ਦੇ ਰੋਗ, ਗੁਰਦਿਆਂ ਦੇ ਰੋਗ ਆਦਿ ਅਨੇਕਾਂ ਹੀ ਬਿਮਾਰੀਆਂ ਦੇ ਇਲਾਜ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਪੰਜਾਬ ਦਾ ਵਾਤਾਵਰਣ ਇਸ ਪੌਦੇ ਨੂੰ ਉਗਾਉਣ ਲਈ ਪੂਰਨ ਰੂਪ ਵਿੱਚ ਅਨੁਕੂਲ ਨਹੀਂ, ਫਿਰ ਵੀ ਸਿੱਲੇ ਅਤੇ ਛਾਂਦਾਰ ਸਥਾਨਾਂ 'ਤੇ ਉਗਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਪੌਦੇ ਦਾ ਵਾਧਾ ਜ਼ਿਆਦਾ ਬੀਜ ਜਾਂ ਫਿਰ ਕਲਮ ਰਾਹੀਂ ਵੀ ਕੀਤਾ ਜਾਂਦਾ ਹੈ। ਪਹਾੜੀ ਅਤੇ ਸਿੱਲੇ ਸਥਾਨਾਂ 'ਤੇ ਮਜੀਠ ਆਸਾਨੀ ਨਾਲ ਉਗਾਈ ਜਾ ਸਕਦੀ ਹੈ। ਹਿਮਾਲਿਆ ਦੇ ਕੁਝ ਇਲਾਕਿਆਂ ਵਿੱਚ ਤਾਂ ਇਸ ਨੂੰ ਵਾੜ ਦੀ ਤਰ੍ਹਾਂ ਵੀ ਲਾ ਲਿਆ ਜਾਂਦਾ ਹੈ।

ਮਜੀਠ ਕੁੱਲ ਮਿਲਾ ਕੇ ਮਨੁੱਖੀ ਜੀਵਨ ਲਈ ਬੇਹੱਦ ਲਾਭਕਾਰੀ ਹੈ। ਗੁਰੂਆਂ ਪੀਰਾਂ ਤੇ ਵਡੇਰਿਆਂ ਨੇ ਇਸ ਦੇ ਗੁਣਾਂ ਨੂੰ ਪਛਾਣਦੇ ਹੋਏ ਖੂਬ ਵਰਤੋਂ ਕੀਤੀ ਤੇ ਸੁਖੀ ਜੀਵਨ ਬਤੀਤ ਕੀਤਾ। ਕੁਦਰਤ ਤੋਂ ਦੂਰ ਹੋ ਰਿਹਾ ਅਜੋਕਾ ਮਨੁੱਖ ਬਣਾਉਟੀ ਰੰਗਾਂ ਤੇ ਵਸਤਾਂ ਵੱਲ ਜ਼ਿਆਦਾ ਆਕਰਸ਼ਿਤ ਹੋ ਰਿਹਾ ਹੈ, ਸਿੱਟੇ ਵਜੋਂ ਦਿਨ-ਬ-ਦਿਨ ਰੋਗਾਂ ਵਿੱਚ ਜਕੜਦੇ ਜਾ ਰਹੇ ਹਾਂ। ਆਓ, ਅਜਿਹੇ ਗੁਣਕਾਰੀ ਪੌਦਿਆਂ ਨੂੰ ਜ਼ਿੰਦਗੀ ਵਿੱਚ ਵਾਪਸ ਲਿਆਈਏ ਅਤੇ ਉਸ ਕੁਦਰਤ ਨਾਲ ਨੇੜਤਾ ਵਧਾਈਏ।

## ਕਹਾਣੀ: ਛਟ੍ਹਾਲੇ ਦੀ ਟਰਾਲੀ



-ਡਾਕਟਰ ਮਨਜੀਤ ਸਿੰਘ ਬੱਲ

ਪੱਠੇ-ਦੱਥੇ ਵੱਲੋਂ ਦੂੱਲਾ ਅਤੇ ਉਸ ਦਾ ਮੁੰਡਾ ਘੁੱਕ ਡੰਗਰਾਂ ਨੂੰ ਕਦੀਂ ਤੋਟ ਨਹੀਂ ਸੀ ਆਉਣ ਦਿੰਦੇ। ਕੁਝ ਪੱਠੇ ਖੇਤ ਮਜ਼ਦੂਰੀ ਤੋਂ ਮਿਲ ਜਾਂਦੇ ਸਨ ਅਤੇ ਕੁਝ ਦੋਵੇਂ ਪਿਓ-ਪੁੱਤਰ ਵੱਟਾਂ ਬੰਨਿਆਂ ਤੋਂ ਘਾਹ-ਮੈਣੇ ਦੀ ਚਿੱਲੀ (ਵੱਡੀ ਪੰਡ) ਕੱਢ ਲਿਆਉਂਦੇ ਸਨ। ਸੁੱਕਾ (ਤੂੜੀ) ਉਨ੍ਹਾਂ ਨੇ ਪਿਛਲੀਆਂ ਵਾਢੀਆਂ ਵਿੱਚ ਸਾਲ ਜੋਗਾ ਜਮ੍ਹਾ ਕਰ ਲਿਆ ਸੀ। ਦੂੱਲੇ ਕੋਲ 20-20 ਸੇਰ ਦੁੱਧ ਦੇਣ ਵਾਲੀਆਂ ਸੋਹਣੀਆਂ ਅਤੇ ਤੱਕੜੀਆਂ ਦੋ ਮਹੀਆਂ ਸਨ। ਪਿਛਲੇ ਦਿਨੀਂ ਉਸ ਨੇ ਦੋ ਹੋਰ ਕੱਟੀਆਂ ਮੁੱਲ ਖਰੀਦੀਆਂ ਸਨ ਨੁਸ਼ਹਿਰੇ ਵਾਲਿਆਂ ਕੋਲੋਂ। ਸਸਤੀਆਂ ਮਿਲ ਗਈਆਂ ਸਨ। ਵੇਖਣ ਨੂੰ ਭਾਵੇਂ ਕਮਜ਼ੋਰ ਲੱਗਦੀਆਂ ਸਨ, ਪਰ ਦੂੱਲੇ ਨੂੰ ਇਹ ਪਤਾ ਸੀ ਕਿ ਚੰਗੀ ਨਸਲ ਦੀਆਂ ਨੇ ਅਤੇ ਚੰਗੀ ਸੇਵਾ ਕਰ ਕੇ ਇਹ ਕੱਟੀਆਂ ਚੋਖਾ ਦੁੱਧ ਦੇਣ ਵਾਲੀਆਂ ਵਧੀਆਂ ਝੋਟੀਆਂ ਬਣ ਜਾਣੀਆਂ ਨੇ, ਜਿਨ੍ਹਾਂ ਦਾ ਮੰਡੀ ਵਿੱਚ ਉਚਾ ਮੁੱਲਾ ਪਵੇਗਾ।

ਘੁੱਕ ਨੇ ਅੱਠਵੀਂ ਦਾ ਇਮਤਿਹਾਨ ਦੇਣਾ ਸੀ, ਇਸ ਲਈ ਪੱਠਿਆਂ ਵਾਸਤੇ ਉਸ ਕੋਲ ਸਮਾਂ ਘੱਟ ਸੀ ਤੇ ਡੰਗਰਾਂ ਦੀ ਗਿਣਤੀ ਵੀ ਦੂਣੀ ਹੋ ਗਈ ਸੀ। ਇਸੇ ਕਰ ਕੇ ਹਰੇ ਚਾਰੇ ਦਾ ਪ੍ਰਬੰਧ ਕਰਨ ਲਈ ਪੱਠੇ ਮੁੱਲ ਲੈਣੇ ਪਏ। ਲੰਬੜਦਾਰ ਦੀ ਬੂਲੇਆਣੇ ਖੂਹ ਦੇ ਨਾਲ ਵਾਲੀ ਪੈਲੀ ਵਿੱਚੋਂ ਦੂੱਲੇ ਨੇ 10 ਮਰਲੇ ਛਟ੍ਹਾਲਾ ਸਾਰੇ ਲੌਅ ਦਾ ਮੁੱਲ ਲੈ ਲਿਆ। ਕਦੀ ਦੂੱਲਾ ਲੈ ਆਉਂਦਾ ਅਤੇ ਕਈ ਸਕੂਲ ਤੋਂ ਆ ਕੇ ਘੁੱਕ ਪੈਠੇ ਲੈ ਆਉਂਦਾ।

ਇਸ ਪੈਲੀ ਵਿੱਚ ਛਟ੍ਹਾਲਾ ਚੰਗਾ ਹੋਇਆ ਸੀ। ਪੋਹ ਵਿੱਚ ਤਾਂ ਠੰਢ ਕਰ ਕੇ ਪੱਠੇ ਵੱਢੇ ਨਹੀਂ ਹੁੰਦੇ, (ਮਾਘ) ਫਰਵਰੀ 'ਚ ਜਾ ਕੇ ਇਨ੍ਹਾਂ ਨੂੰ ਹੋਸ਼ ਆਉਂਦੀ ਹੈ।

''ਦੂੱਲਿਆ, ਕਿੱਥੇ ਹੱਥ ਲਾਇਆ ਈ ਪੱਠਿਆਂ ਨੂੰ? ਬੜਾ ਵਧੀਆ ਛਟ੍ਹਲਾ ਏ।'' ਪੱਠਿਆਂ ਦੀ ਪੰਡ ਚੁੱਕੀ ਆਉਂਦੇ ਦੂੱਲੇ ਨੂੰ ਸ਼ਹਿਰ ਤੋਂ ਕੰਮ ਕਰ ਕੇ ਆ ਰਹੇ ਉਸ ਦੇ ਹੀ 'ਵਿਹੜੇ' ਦੇ ਰੁਲਦੂ ਨੇ ਸਾਈਕਲ ਤੋਂ ਉਤਰ ਕੇ ਨਾਲ ਨਾਲ ਤੁਰਦਿਆਂ ਪੁੱਛਿਆ।

''ਪੱਠੇ...? ਅਸੀਂ ਆਹ ਬੂਲੇਆਣੇ ਦੇ ਨਾਲ ਦੀ ਪੈਲੀ 'ਚੋਂ ਲਏ ਨੇ ਲੰਬੜਦਾਰ ਕੋਲੋਂ, ਹਾਂ ਹੋਰ ਸੁਣਾ...ਕੀ ਹਾਲ ਏ ਰੁਲਦਾ ਸਿੰਹਾਂ?''

''ਯਾਰ, ਪੰਜ ਕੁ ਮਰਲੇ ਮੈਂ ਵੀ ਚਾਹੁੰਦਾ ਸਾਂ ਜੇ ਹੈਗੇ ਨੇ ਤਾਂ ਮੈਂ ਲੰਬੜਦਾਰ ਨੂੰ ਪੁੱਛਾਂ?'' ਰੁਲਦੇ ਨੇ ਨਾਲ ਨਾਲ ਤੁਰੇ ਜਾਂਦੇ ਨੇ ਪੁੱਛਿਆ।

''ਅੱਜਕੱਲ੍ਹ ਤਾਂ ਸਾਰੇ ਪਾਸੇ ਪੱਠੇ ਹੀ ਪੱਠੇ ਨੇ, ਪਰ ਇਹ ਪੈਲੀ ਕੁਝ ਵਧੀਆ ਏ, ਬੜਾ ਛਟ੍ਹਾਲਾ ਹੁੰਦੈ ਇਸ 'ਚ...। ਜਿਹੜਾ ਮੇਰਾ ਟੱਕ ਏ ਉਸ ਦੇ ਨਾਲ ਵਾਲਾ ਟੱਕ ਲੰਬੜਦਾਰ ਆਪਣੇ ਡੰਗਰਾਂ ਲਈ ਵਢਦੈ। ਉਸ ਕੋਲ ਤਾਂ ਹੋਰ ਬਥੇਰੀਆਂ ਪੈਲੀਆਂ ਨੇ। ਅੱਜਕੱਲ੍ਹ ਤਾਂ ਉਹ (ਪੱਠੇ) ਸ਼ਹਿਰ ਵੀ ਵੇਚਣ ਲੈ ਜਾਂਦੇ ਨੇ, ਪੁੱਛ ਕੇ ਵੇਖ ਲੈ...।'' ਦੂੱਲੇ ਨੇ ਇੱਕੋ ਸਾਹੇ ਕਾਫੀ ਕੁਝ ਦੱਸ ਦਿੱਤਾ।

''ਚੰਗਾ, ਕੱਲ੍ਹ ਗੱਲ ਕਰੂੰ ਲੰਬੜਦਾਰ ਨਾਲ...।'' ਆਖ ਕੇ ਰੁਲਦੂ ਸਾਈਕਲ ਉੱਤੇ ਚੜ੍ਹ ਪਿਆ।

ਅੱਜ ਸਵੇਰੇ ਦਾ ਦੂੱਲਾ ਡੰਗਰਾਂ ਦੀ ਮੰਡੀ ਵੇਖਣ ਸ਼ਹਿਰ ਗਿਆ ਹੋਇਆ ਸੀ। ਜਾਂਦਾ ਜਾਂਦਾ ਉਹ ਘੁੱਕ ਨੂੰ ਆਖ ਗਿਆ ਸੀ ਕਿ ਸਕੂਲ ਤੋਂ ਆ ਕੇ ਪੱਠੇ ਲੈ ਆਵੀਂ।

ਤਪੜੀ ਅਤੇ ਦਾਤਰੀ ਲੈ ਕੇ ਗਾਣੇ ਗਾਉਂਦਾ ਹੋਇਆ ਘੁੱਕ ਪੱਠੇ ਲੈਣ ਜਾ ਰਿਹਾ ਸੀ। ਪੈਲੀ ਤੋਂ ਕੁਝ ਦੂਰੀ ਤੋਂ ਉਸ ਨੂੰ ਇੰਝ ਜਾਪਿਆ ਜਿਵੇਂ ਕੋਈ ਉਨ੍ਹਾਂ ਦੇ ਟੱਕ 'ਚੋਂ ਪੱਠੇ ਵੱਢ ਰਿਹਾ ਹੈ। ਉਹ ਭੱਜ ਕੇ ਟੱਕ ਵਿੱਚ ਪੁੱਜਾ।

''ਚਾਚਾ ਇਹ ਟੱਕ ਤੂੰ ਲੈ ਲਿਐ? ਮੈਂ ਦੂਰੋਂ ਵੇਖ ਕੇ ਸਮਝਿਆ ਸੀ ਪਈ ਸਾਡੇ ਟੱਕ 'ਚੋਂ ਕੋਈ ਚੋਰੀ ਕਰ ਰਿਹੈ।'' ਘੁੱਕ ਨੇ ਨਾਲ ਵਾਲੇ ਟੱਕ 'ਚੋਂ ਛਟ੍ਹਾਲਾ ਵੱਢ ਰਹੇ ਰੁਲਦੂ ਨੂੰ ਕਿਹਾ। ਆਪ ਤਪੜੀ ਅਤੇ ਦਾਤਰੀ ਸੁੱਟ ਕੇ ਛਟ੍ਹਾਲੇ ਦੀਆਂ ਨਾਲੀਆਂ ਤੋੜ ਕੇ ਪੀਪਣੀਆਂ ਬਣਾਉਣ ਲੱਗ ਪਿਆ। ਹਰੇ ਛਟ੍ਹਾਲੇ ਦੀਆਂ ਕੂਲੀਆਂ-ਕੂਲੀਆਂ ਨਾਲੀਆਂ ਨੂੰ ਬੁੱਲ੍ਹਾਂ ਦਰਮਿਆਨ ਰੱਖ ਕੇ ਫੂਕ ਮਾਰਨ ਤੇ ਉਸ 'ਚੋਂ ਨਿਕਲੀ ਸੁਰੀਲੀ ਆਵਾਜ਼ ਦਾ ਇੱਕ ਅਨੋਖਾ ਅਹਿਸਾਸ ਹੁੰਦਾ ਹੈ। ਇਸ ਦੀ ਇੱਕ ਅਜੀਬ ਜਿਹੀ ਛੋਹ ਹੁੰਦੀ ਹੈ ਅਤੇ ਇਨ੍ਹਾਂ ਦੀ ਆਪਣੀ ਹੀ ਇੱਕ ਖੁਸ਼ਬੂ ਹੁੰਦੀ ਹੈ।

''ਹਾਂ, ਕੱਲ੍ਹ ਤੇਰੇ ਪਿਓ ਦੂੱਲੇ ਨਾਲ ਗੱਲ ਕਰ ਕੇ ਮੈਂ ਲੰਬੜਦਾਰ ਕੋਲੋਂ ਆਹ ਪੰਜ ਮਰਲੇ, ਥੋਡੇ ਨਾਲ ਦਾ ਟੱਕ ਲਿਐ। ਹੋਰ ਸੁਣਾ ਤੇਰੀ ਪੜ੍ਹਾਈ-ਪੁੜ੍ਹਾਈ ਦਾ ਕੀ ਹਾਲ ਏ? ਕਿਨਵੀਂ 'ਚ ਹੋ ਗਿਐਂ ਹੁਣ?''

ਪੱਠੇ ਵਢਦਾ ਵਢਦਾ ਰੁਲਦੂ ਗੱਲਾਂ ਕਰ ਰਿਹਾ ਸੀ ਤੇ ਘੁੱਕ ਬੱਚਿਆਂ ਵਾਂਗ ਦੋ ਦੋ, ਤਿੰਨ ਤਿੰਨ ਨਾਲੀਆਂ ਦੀਆਂ ਪੀਪਣੀਆਂ ਬਣਾ ਬਣਾ ਕੇ ਉਨ੍ਹਾਂ ਦੀਆਂ ਆਵਾਜ਼ਾਂ ਦੇ ਸੁਰ ਮਿਲਾ ਰਿਹਾ ਸੀ।

''ਚਾਚਾ, ਅੱਜ ਮੈਂ ਬੜਾ ਖੁਸ਼ ਹਾਂ। ਪਤੈ ਅੱਜ ਮੇਰੇ ਕਿੰਨੇ ਨੰਬਰ ਆਏ ਨੇ? ਹਿਸਾਬ 'ਚੋਂ, ਸਾਰੀ ਜਮਾਤ 'ਚੋਂ ਮੇਰੇ 100 'ਚੋਂ 100 ਨੰਬਰ ਆਏ ਨੇ...। ਲੰਬੜਦਾਰਾਂ ਦੇ ਧੀਰੇ ਦੇ ਪੰਜਾਹ ਤੇ ਕੰਬੋਆਂ ਦੇ ਦਲਜੀਤ ਦੇ ਅੱਸੀ ਨੰਬਰ ਨੇ।''

ਮਾਘ ਮਹੀਨੇ ਦੀਆਂ ਤਰਕਾਲਾਂ ਵੇਲੇ ਆਲੇ ਦੁਆਲੇ ਹਰਿਆਵਲ ਹੀ ਹਰਿਆਵਲ ਨਜ਼ਰ ਆ ਰਹੀ ਸੀ। ਪਿਛਲੀਆਂ ਪੈਲੀਆਂ ਵਿੱਚ ਸਰ੍ਹੋਂ ਦੀ ਫਸਲ, ਪੀਲੇ ਫੁੱਲਾਂ ਨਾਲ ਲੱਦੀ ਹੋਈ ਸੀ। ਖੂਹ ਦੇ ਪਿੱਪਲ ਅਤੇ ਤੂਤਾਂ ਉੱਤੇ ਬੈਠੀਆਂ ਚਿੜੀਆਂ ਅਤੇ ਪੰਛੀਆਂ ਦੀਆਂ ਆਵਾਜ਼ਾਂ ਦਾ ਮਾਹੌਲ, ਘੁੱਕ ਦੀ ਇਸ ਕਿਸ਼ੋਰ ਉਮਰ ਨੂੰ ਮਸਤ ਕਰ ਰਿਹਾ ਸੀ।

''ਕੀ ਗੱਲ ਘੁੱਕ, ਪੱਠੇ ਨਹੀਂ ਵਢਦਾ? ਅੱਜ ਤੈਨੂੰ ਕੋਈ ਕਾਹਲ ਨਹੀਂ? ਪੜ੍ਹਨਾ ਨਹੀਉਂ ਜਾ ਕੇ?'' ਆਪਣੇ ਕੰਮ 'ਚ ਰੁੱਝੇ ਰੁਲਦੂ ਨੇ ਉਚੀ ਆਵਾਜ਼ ਵਿੱਚ ਕਿਹਾ ਕਿਉਂਕਿ ਘੁੱਕ ਤਾਂ, ਕੋਲੋਂ ਦੀ ਲੰਘਦੀ ਭਰੀ ਹੋਈ ਆਡ ਵਿਚਲੇ ਪਾਣੀ ਨੂੰ ਵੇਖਣ ਵਿੱਚ ਲੱਗਾ ਹੋਇਆ ਸੀ ਜਿਸ ਦੇ ਵਹਾਅ ਨਾਲ ਪਾਣੀ ਹੇਠਾਂ, ਛੋਟੇ ਛੋਟੇ ਹਰੇ ਪੌਦੇ ਹਿਲ ਰਹੇ ਸਨ।

ਪੱਠੇ ਵੱਢ ਕੇ ਰੁਲਦੂ ਨੇ ਪੰਡ ਬੰਨ੍ਹੀ, ਘੁੱਕ ਨੇ ਚੁਕਾਈ ਤੇ ਉਹ ਚਲਾ ਗਿਆ। ਹੁਣ ਘੁੱਕ ਨੇ ਕਾਹਲੀ ਕਾਹਲੀ ਛਟ੍ਹਾਲਾ ਵੱਢਣਾ ਸ਼ੁਰੂ ਕੀਤਾ। ਕਾਹਲੀ ਵਿੱਚ ਦਾਤਰੀ ਨਾਲ ਉਸ ਦੀ ਚੀਚੀ ਵੱਢੀ ਗਈ। ਮਾਂ ਦੇ ਦੱਸੇ ਹੋਏ ਇਲਾਜ ਅਨੁਸਾਰ ਉਸ ਨੇ ਵਗਦੀ ਆਡ 'ਚੋਂ ਉਂਗਲੀ ਧੋਤੀ ਅਤੇ ਫਿਰ ਜ਼ਖਮ ਉਤੇ ਪਿਸ਼ਾਬ ਕਰ ਲਿਆ। ਖੂਨ ਬੰਦ ਅਤੇ ਉਹ ਆਪਣੇ ਕੰਮ 'ਤੇ ਉਵੇਂ ਹੀ ਚਾਲੂ। ਉਹ ਮਸਤ ਸੀ, ਚੀਚੀ ਉਤੇ ਕੋਈ ਦਰਦ ਪੀੜ ਨਹੀਂ ਸੀ।

ਅਗਲੇ ਦਿਨ ਸ਼ਾਮ ਨੂੰ ਰੁਲਦੂ ਪੱਠੇ ਲੈ ਗਿਆ। ਜਦ ਪੈਲੀ ਵਿੱਚ ਪੁੱਜਾ ਤਾਂ ਉਹ ਵੇਖ ਕੇ ਪ੍ਰੇਸ਼ਾਨ ਹੋ ਗਿਆ ਕਿ ਉਸ ਦੇ ਟੱਕ 'ਚੋਂ ਤਕਰੀਬਨ ਪੌਣਾ ਮਰਲਾ ਛਟ੍ਹਾਲਾ ਕੋਈ ਹੋਰ ਚੋਰੀ ਵੱਢ ਕੇ ਲੈ ਗਿਆ ਸੀ। ਉਹ ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਉਸ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਕੀ ਕਰੇ। ਪਹਿਲਾਂ ਤਾਂ ਉਸ ਨੇ ਇਕਦਮ ਸੋਚਿਆ ਕਿ ਲੰਬੜਦਾਰ ਨੂੰ ਲਿਆ ਕੇ ਵਿਖਾਏ, ਪਰ ਸੋਚਣ ਲੱਗਾ, ''ਪਤਾ ਨਹੀਂ ਉਹ ਕਿੱਥੇ ਹੋਵੇਗਾ...?'' ਅੰਦਰੋਂ ਅੰਦਰ ਰਿਝਦਾ-ਕਰਿਛਦਾ ਖੂਹ ਦੇ ਪਿੱਪਲ ਤੋਂ ਕੁਝ ਟਾਹਣੀਆਂ ਤੋੜ ਲਿਆਇਆ। ਚੋਰੀ ਕੀਤੇ ਹੋਏ ਪੱਠਿਆਂ ਦਾ ਖੇਤਰ ਦਰਸਾਉਣ ਲਈ ਓਨੇ ਕੁ ਹਿੱਸੇ ਦੁਆਲੇ ਸਿੱਲੀ ਪੈਲੀ ਵਿੱਚ ਟਾਹਣੀਆਂ ਕੱਢ ਕੇ ਹਦਬੰਦੀ ਕਰ ਦਿੱਤੀ ਅਤੇ ਗੁੱਸੇ ਵਿੱਚ ਬੁੜਬੁੜਾਉਂਦਾ ਹੋਇਆ ਪੱਠੇ ਵੱਢਣ ਲੱਗਾ। ਇਸ ਚੋਰੀ ਦਾ ਉਸ ਦੇ ਦਿਲ ਦਿਮਾਗ ਉੱਤੇ ਬੜੇ ਅਸਰ ਹੋ ਗਿਆ ਸੀ। ਗੁਰਬਤ ਦੀ ਮਾਰ, ਪਹਿਲਾਂ ਸ਼ਹਿਰ ਵਿੱਚ ਜਾ ਕੇ ਮਿਹਨਤ-ਮਜ਼ਦੂਰੀ ਕਰਨੀ, ਫਿਰ ਡੰਗਰ ਸਾਂਭਣੇ, ਮੁੱਲ ਦੇ ਪੱਠੇ ਅਤੇ ਉਹ ਵੀ ਕੋਈ ਹੋਰ ਵੱਢ ਕੇ ਲੈ ਗਿਆ।

ਪੰਡ ਚੁੱਕ ਕੇ ਘਰ ਨੂੰ ਆ ਰਿਹਾ ਰੁਲਦੂ ਜਦ ਛੱਪੜ ਕੋਲ ਪੁੱਜਾ ਤਾਂ ਸਾਈਕਲ ਤੇ ਜਾਂਦਾ ਹੋਇਆ ਦੂੱਲਾ ਉਸ ਕੋਲੋਂ ਦੀ ਲੰਘਿਆ। ਸ਼ਾਇਦ ਉਸ ਨੇ ਰੁਲਦੂ ਨੂੰ ਵੇਖਿਆ ਨਹੀਂ ਸੀ। ਰੁਲਦੂ ਨੂੰ ਇਕਦਮ ਉਸ ਉੱਤੇ ਸ਼ੱਕ ਹੋ ਗਿਆ। ਬਿਨਾਂ ਕਿਸੇ ਦੇ ਕਹੇ ਅਤੇ ਬਿਨਾਂ ਕਿਸੇ ਸਬੂਤ ਦੇ ਉਹ ਦੂੱਲੇ ਨੂੰ ਵੀ ਪੱਠਿਆਂ ਦਾ ਚੋਰ ਸਮਝਣ ਲੱਗਾ। ਉਸ ਨੂੰ ਜਾਂਦੇ ਨੂੰ ਪਿੱਛੋਂ ਵੇਖ ਕੇ ਇਕਦਮ ਉਸ ਦੇ ਮੂੰਹੋਂ ਗਾਲ ਨਿਕਲ ਗਈ, ''ਭੈਂ...ਚੋਰੀਆਂ ਕਰਦੈ...ਸਵੇਰੇ ਵੇਖੂੰ ਤੈਨੂੰ।''

ਸਵੇਰ ਸਾਰ ਹੀ ਲੰਬੜਦਾਰ ਨੇ ਦੂੱਲੇ ਨੂੰ ਸੱਦ ਲਿਆ। ''ਓਏ ਦੂਲਿਆ, ਕੋਈ ਸ਼ਰਮ ਕਰ, ਇਹ ਵੀ ਤੇਰੇ ਅਰਗਾ ਗਰੀਬ-ਗੁਰਬਾ ਏ। ਪਹਿਲਾਂ ਤੂੰ ਇਸ ਨੂੰ ਆਪਣੇ ਲਾਗੇ ਪੱਠਿਆਂ ਨੂੰ 'ਹੱਥ ਲਵਾਇਆ' (ਦਿਵਾਏ ਨੇ), ਹੁਣ ਤੂੰ ਆਪ ਈ ਚੋਰੀ ਕਰਨ ਲੱਗ ਪਿਐਂ?''

''ਲੰਬੜਦਾਰਾ, ਇਹ ਕੀ ਆਂਹਨਾ ਏਂ? ਨਾ ਮੈਂ ਪਹਿਲਾਂ ਕਦੀ ਏਦਾਂ ਦਾ ਕੰਮ ਕੀਤੈ ਤੇ ਨਾ ਅੱਜ ਇਹ ਕੰਮ ਕੀਤੈ...। ਇਸ ਨੂੰ ਪਤਾ 'ਨੀਂ ਮੇਰੇ ਤੇ ਕਿਉਂ ਸ਼ੱਕ ਹੋ ਗਿਐ?'' ਦੂੱਲੇ ਨੂੰ ਤਾਂ ਪਤਾ ਵੀ ਨਹੀਂ ਸੀ ਕਿ ਉਸ ਨੂੰ ਕਿਉਂ ਸੱਦਿਆ ਗਿਆ ਸੀ। ਪੱਠੇ ਚੋਰੀ ਵਾਲੀ ਗੱਲ ਸੁਣ ਕੇ ਉਹ ਹੈਰਾਨੀ ਅਤੇ ਗੁੱਸੇ ਨਾਲ ਭਰ ਗਿਆ। ਦੋਸ਼ੀ ਨਾ ਹੋਣ ਦੇ ਬਾਵਜੂਦ ਵੀ ਉਸ ਦੇ ਸਿਰ ਜੁਰਮ ਮੜ੍ਹਿਆ ਜਾ ਰਿਹਾ ਸੀ, ਪਰ ਉਹ ਸਿਰ ਉਪਰ ਕਰ ਕੇ ਤੇ ਲੰਬੜਦਾਰ ਨਾਲ ਨਜ਼ਰ ਮਿਲਾ ਕੇ ਗੱਲ ਕਰ ਰਿਹਾ ਸੀ ਤਾਂ ਕਿ ਆਪਣੇ ਆਪ ਸਨੂੰ ਬੇਕਸੂਰ ਸਾਬਤ ਕਰ ਸਕੇ।

ਰੁਲਦੂ ਗਾਲ੍ਹ ਕੱਢ ਕੇ ਬੋਲਿਆ, ''ਚੁੱਪ ਕਰ ਓਏ ਮੀਸਣਿਆਂ, ਮੈਨੂੰ ਸੱਭ ਪਤੈ ਤੂੰ ਕੀ ਕਰਦੈਂ, ਘੁੰਨਾਂ ਜਿਹਾ....''

ਇਸ ਤੋਂ ਪਹਿਲਾਂ ਕਿ ਦੂੱਲਾ ਜਵਾਬ ਦੇਂਦਾ, ਗੱਲ ਵਧਦੀ ਹੋਈ ਭਾਂਪ ਕੇ ਲੰਬੜਦਾਰ, ਉਚੀ ਆਵਾਜ਼ ਵਿੱਚ ਰੁਲਦੂ ਨੂੰ ਆਖਣ ਲੱਗਾ, ''ਜੇ ਤੁਸੀਂ ਆਪੇ ਰੌਲਾ ਪਾਉਣਾ ਸੀ ਤਾਂ ਮੇਰੇ ਕੋਲ ਕੀ ਲੈਣ ਆਇਆ ਸੈਂ, ਲੜਨਾ-ਮਰਨਾ ਜੇ ਤਾਂ ਜਾਊ ਥਾਣੇ ਚਲੇ ਜੋ, ਦੋਵਾਂ ਦੇ ਚਿੱਤੜ ਸੇਕੇ ਜਾਣਗੇ, ਨਾਲੇ ਪੁਲਸ ਪੈਸੇ ਮਾਂਜੂ। ਫਿਰ ਥੋਨੂੰ ਪਤਾ ਲੱਗੂ। ਸਾਲੇ ਅਨਪੜ੍ਹ ਗਵਾਰ।''

ਲੰਬੜਦਾਰ ਦੀ ਦਹਾੜ ਸੁਣ ਕੇ ਦੋਵੇਂ ਕੁਝ ਠੰਢੇ ਪੈ ਗਏ।

''ਠੀਕ ਏ ਲੰਬੜਦਾਰਾ, ਤੂੰ ਜੋ ਫੈਸਲਾ ਕਰੇਂਗਾ ਮੈਨੂੰ ਮਨਜ਼ੂਰ ਏ।'' ਦੂੱਲੇ ਵੱਲ ਅੱਖਾਂ ਕੱਢਦਾ ਰੁਲਦੂ ਬੋਲਿਆ।

''ਪਰ ਲੰਬੜਦਾਰਾ ਮੇਰਾ ਕੋਈ ਕਸੂਰ ਈ ਨਹੀਂ। ਇਹਦੇ ਪੱਠੇ ਮੈਂ ਵੱਢੇ ਈ ਨਹੀਂ। ਨਾ ਹੀ ਕੋਈ ਗਵਾਹ, ਨਾ ਕੋਈ ਸਬੂਤ। ਮੈਨੂੰ ਐਵੇਂ ਈ ਡੰਡ ਦੇ ਦਏਂਗਾ?'' ਦੂੱਲਾ ਵਿਚਾਰਗੀ ਦੇ ਆਲਮ ਵਿੱਚ ਬੋਲਿਆ, ਪਰ ਲੰਬੜਦਾਰ ਨੇ ਸਜ਼ਾ ਮਿੱਥ ਲਈ ਅਤੇ ਉਸ ਸਜ਼ਾ ਦਾ ਐਲਾਨ ਕਰ ਦਿੱਤਾ, ''ਠੀਕ ਏ, ਪਰਸੋਂ ਆਪਾਂ ਛਟ੍ਹਾਲੇ ਦੀ ਟਰਾਲੀ ਸ਼ਹਿਰ ਮੰਡੀ ਖੜਨੀ ਏ। ਤੁਸੀਂ ਦੋਵੇਂ ਪਿਓ ਪੁੱਤਰ ਨੇ ਟਰਾਲੀ ਜੋਗੇ ਪੱਠੇ ਵੱਢਣੇ ਨੇ। ਕੱਲ੍ਹ ਆ ਜਾਇਉ ਦੁਪਹਿਰ ਤੋਂ ਪਿੱਛੋ ਤੇ ਸ਼ੁਰੂ ਕਰ ਦਿਓ ਵਢਣੇ। ਸੱਤ-ਅੱਠ ਵਜੇ ਤੱਕ ਟਰਾਲੀ ਲੱਦ ਦਿਉ ਇਹੋ ਤੁਹਾਡੀ ਸਜ਼ਾ ਏ। ਜਾਣ ਲੱਗਿਆਂ ਥੋਨੂੰ ਇੱਕ ਪੰਡ ਛਟ੍ਹਾਲੇ ਦੀ ਵੀ ਮਿਲੂ।''

ਰੁਲਦੂ ਕੁਝ ਸੰਤੁਸ਼ਟ ਜਾਪਦਾ ਸੀ, ਪਰ ਛਟ੍ਹਾਲੇ ਦੀ ਪੰਡ ਦੇਣ ਵਾਲੀ ਗੱਲ ਉਸ ਨੂੰ ਨਹੀਂ ਸੀ ਪਚ ਰਹੀ।

ਮਜਬੂਰ ਜਿਹਾ ਦੂੱਲਾ ਇਹ ਸੋਚਦਾ ਹੋਇਆ ਆਪਣੇ ਘਰ ਵੱਲ ਤੁਰ ਪਿਆ ਕਿ ਜੇ ਥਾਣੇ ਜਾਣਾ ਪਿਆ ਤਾਂ ਵੱਡਾ ਮਸਲਾ ਬਣ ਜਾਵੇਗਾ। ਭਾਵੇਂ ਘੁੱਕ ਦੀ ਇੱਕ ਦਿਨ ਦੀ, ਪੜ੍ਹਾਈ ਤਾਂ ਖਰਾਬ ਹੋਣੀ ਹੀ ਏ। ਪੱਠਿਆਂ ਦੀ ਪੰਡ ਮਿਲਣ ਵਾਲੀ ਗੱਲ ਉਸ ਮਜਬੂਰ ਅਤੇ ਬੇਕਸੂਰ ਨੂੰ ਕੁਝ ਸੰਤੁਸ਼ਟ ਦੇ ਰਹੀ ਸੀ।

# ਮਨ ਦੀ ਸ਼ਾਂਤੀ ਲਈ ਸੰਤੁਸ਼ਟੀ ਲਾਜ਼ਮੀ


-ਵੀਰਪਾਲ ਕੌਰ ਕਮਲ

ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰਨ ਲਈ ਅਜੋਕਾ ਮਨੁੱਖ ਇਧਰ ਉਧਰ ਭਟਕ ਰਿਹਾ ਹੈ। ਮਨ ਦੀ ਸ਼ਾਂਤੀ ਫਿਰ ਵੀ ਨਹੀਂ ਮਿਲ ਰਹੀ। ਮਿਲ ਵੀ ਕਿਵੇਂ ਸਕਦੀ ਹੈ? ਇਹ ਮੰਦਰ, ਮਸਜਿਦ, ਗੁਰਦੁਆਰੇ ਤੇ ਨਾ ਸੰਤਾਂ ਦੇ ਡੇਰਿਆਂ 'ਤੇ ਜਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਤੁਸੀਂ ਖੁਦ ਆਪਣੇ ਅੰਦਰ ਝਾਤ ਮਾਰ ਕੇ ਦੇਖ ਸਕਦੇ ਹੋ ਕਿ ਜਦੋਂ ਕਿਸੇ ਧਾਰਮਿਕ ਸਥਾਨ 'ਤੇ ਜਾ ਕੇ ਅਰਦਾਸ ਕਰ ਰਹੇ ਹੁੰਦੇ ਹੋ ਤਾਂ ਮਨ ਸ਼ਾਂਤ ਹੋਣ ਦੀ ਥਾਂ ਇਧਰ ਉਧਰ ਭਟਕ ਰਿਹਾ ਹੁੰਦਾ ਹੈ। ਅਸਲੀਅਤ ਇਹ ਹੈ ਕਿ ਮਾਨਸਿਕ ਸ਼ਾਂਤੀ ਉਦੋਂ ਤੱਕ ਨਹੀਂ ਮਿਲ ਸਕਦੀ ਜਦੋਂ ਤੱਕ ਆਪਣੇ ਆਪ ਨੂੰ ਸਮਝਿਆ ਨਹੀਂ ਜਾ ਸਕਦਾ।

ਇਕ ਗਰੀਬ ਇਨਸਾਨ ਜੋ ਆਪਣੇ ਪਰਵਾਰ ਲਈ ਦੋ ਡੰਗ ਦੀ ਰੋਟੀ ਬੜੀ ਮੁਸ਼ਕਿਲ ਨਾਲ ਕਮਾਉਂਦਾ ਹੈ, ਉਹ ਮਾਇਆ 'ਚ ਸੁੱਖ ਦੇਖਦਾ ਹੈ। ਜਿਨ੍ਹਾਂ ਨੇ ਬਹੁਤ ਜ਼ਿਆਦਾ ਮਾਇਆ ਇਕੱਠੀ ਕਰ ਰੱਖੀ ਹੈ, ਉਨ੍ਹਾਂ ਦੀ ਵੀ ਰਾਤਾਂ ਦੀ ਨੀਂਦ ਹਰਾਮ ਦੇਖੀ ਜਾ ਸਕਦੀ ਹੈ। ਗੱਲ ਕੀ ਸਮਾਜ ਦਾ ਹਰ ਵਿਅਕਤੀ ਆਪਣੇ ਆਪ ਨੂੰ ਅਧੂਰਾ ਸਮਝਦਾ ਹੈ ਅਤੇ ਦੂਜਿਆਂ ਨੂੰ ਸੰਤੁਸ਼ਟ ਸਮਝਦਾ ਹੈ।

ਹਰ ਮਨੁੱਖ ਅਸੰਤੁਸ਼ਟ ਜੀਵਨ ਬਸਰ ਕਰ ਰਿਹਾ ਹੈ। ਇਸ ਅਸੰਤੁਸ਼ਟੀ ਦਾ ਮੂਲ ਕਾਰਨ ਮਨੁੱਖ ਦੀ ਤਮ੍ਹਾ ਹੈ। ਮਨ ਦੀ ਭਟਕਣ ਉਦੋਂ ਹੋਰ ਵਧ ਜਾਂਦੀ ਹੈ, ਜਦੋਂ ਕੋਈ ਇਨਸਾਨ ਸੰਸਾਰਕ ਮੋਹ ਮਾਇਆ ਵਿੱਚੋਂ ਸ਼ਾਂਤੀ ਲੱਭਦਾ ਹੈ। ਮਨ ਦੀ ਅਸ਼ਾਂਤੀ ਦਾ ਮੁੱਖ ਕਾਰਨ ਮਨੁੱਖ ਦੀਆਂ ਤ੍ਰਿਸ਼ਨਾਵਾਂ, ਕਾਮਨਾਵਾਂ ਤੇ ਲਾਲਚ ਹਨ। ਇਨ੍ਹਾਂ ਕਾਰਨ ਮਨੁੱਖ ਮਨ ਚਿੰਤਾਵਾਂ ਵਿੱਚ ਘਿਰਿਆ ਰਹਿੰਦਾ ਹੈ। ਅਜੋਕਾ ਮਨੁੱਖ ਜਿਸ ਸਮੇਂ ਵਿੱਚ ਜੀਅ ਰਿਹਾ ਹੈ, ਉਹ ਲਾਲਚੀ ਅਤੇ ਭੋਗੀ ਸਮਾਂ ਹੈ। ਹਰ ਮਨੁੱਖ ਪੈਸਾ, ਪ੍ਰਸਿੱਧੀ, ਵਾਸਨਾ ਤੇ ਲਾਲਚ ਦਾ ਸ਼ਿਕਾਰ ਹੋ ਰਿਹਾ ਹੈ। ਤ੍ਰਿਸ਼ਨਾਵਾਂ ਪਿੱਛੇ ਭੱਜਣਾ ਮਨੁੱਖੀ ਮਨ ਅੰਦਰ ਅਸੰਤੁਸ਼ਟੀ ਪੈਦਾ ਕਰਦਾ ਹੈ। ਮਨੁੱਖੀ ਮਨ ਆਪੇ ਤੋਂ ਬਾਹਰ ਹੋ ਕੇ ਇਨ੍ਹਾਂ ਸੁੱਖਾਂ ਦੀ ਪ੍ਰਾਪਤੀ ਲਈ ਪੂਰੀ ਉਮਰ ਲਲਚਾਉਂਦਾ ਰਹਿੰਦਾ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਇਕ ਨੂੰ ਸਾਰੇ ਸੁੱਖ ਨਹੀਂ ਮਿਲ ਸਕਦੇ। ਤ੍ਰਿਸ਼ਨਾਵਾਂ ਤੇ ਕਾਮਨਾਵਾਂ ਵਿੱਚੋਂ ਕਦੇ ਵੀ ਸੁੱਖ ਸ਼ਾਂਤੀ ਨਹੀਂ ਮਿਲਦੀ। ਜ਼ਿੰਦਗੀ ਵਿੱਚ ਲੋੜਾਂ ਅਤੇ ਲਾਲਸਾਵਾਂ ਪੂਰੀਆਂ ਨਹੀਂ ਹੋ ਸਕਦੀਆਂ।

ਮਨ ਦੀ ਸ਼ਾਂਤੀ ਦਾ ਜਨਮ ਸੰਤੁਸ਼ਟੀ ਵਿੱਚੋਂ ਹੁੰਦਾ ਹੈ। ਸੰਤੁਸ਼ਟ ਤਦੇ ਹੋਇਆ ਜਾ ਸਕਦਾ ਹੈ, ਜੇ ਮਨ ਵਿੱਚ ਪੈਦਾ ਹੋਣ ਵਾਲੀਆਂ ਤ੍ਰਿਸ਼ਨਾਵਾਂ 'ਤੇ ਕਾਬੂ ਪਾਇਆ ਜਾ ਸਕੇ। ਗੱਲ ਸਿਰਫ ਮਨ ਨੂੰ ਸਮਝਾਉਣ ਦੀ ਹੈ। ਮਨੁੱਖ ਨੂੰ ਜੇ ਰੋਟੀ ਮਿਲ ਰਹੀ ਹੈ ਤਾਂ ਉਹ ਇਸ ਲਈ ਸ਼ੁਕਰ ਗੁਜ਼ਾਰ ਨਹੀਂ ਬਲਕਿ ਉਹ ਉਸ



ਰੋਟੀ ਨੂੰ ਪਰੋਸਣ ਲਈ ਸੋਨੇ, ਚਾਂਦੀ ਦੇ ਥਾਲ ਦੀ ਇੱਛਾ ਰੱਖਦਾ ਹੈ। ਇਹੋ ਇੱਛਾ ਉਸ ਦੇ ਦੁੱਖਾਂ ਦਾ ਕਾਰਨ ਹੈ। ਤਨ ਨੂੰ ਕੱਜਣ ਲਈ ਸਿਰਫ ਕੱਪੜੇ ਹੀ ਨਹੀਂ, ਸਗੋਂ ਕੀਮਤੀ ਕੱਪੜਿਆਂ ਦੀ ਇੱਛਾ ਰੱਖਦਾ ਹੈ। ਹਮੇਸ਼ਾ ਦੂਜਿਆਂ ਨਾਲੋਂ ਵਧੀਆ ਦਿੱਸਣ ਦੀ ਕਾਮਨਾ ਕਰਦਾ ਹੈ। ਜੋ ਕਦੇ ਵੀ ਸੰਭਵ ਨਹੀਂ ਹੋ ਸਕਦਾ। ਸਰੀਰ ਦੀ ਤ੍ਰਿਪਤੀ ਪੂਰੀ ਕੀਤੀ ਜਾ ਸਕਦੀ ਹੈ, ਮਨ ਦੀ ਤ੍ਰਿਪਤੀ ਕਦੇ ਵੀ ਪੂਰੀ ਨਹੀਂ ਕੀਤੀ ਜਾ ਸਕਦੀ। ਮਨ ਵਿੱਚ ਹਉਮੈ ਦਾ ਵਾਸ ਹੈ, ਉਸ ਦੀ ਤ੍ਰਿਪਤੀ ਕਰਨੀ ਬੜੀ ਹੀ ਮੁਸ਼ਕਿਲ ਹੈ। ਜੱਗ ਨੂੰ ਕਦੇ ਕੋਈ ਜਿੱਤ ਨਹੀਂ ਸਕਿਆ। ਹਰੇਕ ਮਨੁੱਖ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ। ਮਨੁੱਖੀ ਮਨ ਨੇ ਦੂਜੇ ਮਨੁੱਖਾਂ ਦੇ ਸੁੱਖਾਂ ਨੂੰ ਆਪਣੇ ਦੁੱਖਾਂ ਦਾ ਕਾਰਨ ਬਣਾ ਰੱਖਿਆ ਹੈ। ਦੂਜੇ ਦੇ ਸੁੱਖ ਨੂੰ ਦੇਖ ਕੇ ਝੂਰਨਾ ਅਜੋਕੇ ਮਨੁੱਖ ਦਾ ਸੁਭਾਅ ਬਣ ਚੁੱਕਿਆ ਹੈ, ਜੋ ਮਾਨਵਤਾ ਲਈ ਦੁੱਖਾਂ ਦਾ ਕਾਰਨ ਹੈ।

ਮਨੁੱਖ ਨੂੰ ਸੰਤੁਸ਼ਟੀ ਉਦੋਂ ਹੀ ਪ੍ਰਾਪਤੀ ਹੋ ਸਕਦੀ ਹੈ, ਜਦੋਂ ਉਹ ਆਪਣੇ ਮਨ ਨਾਲ ਇਹ ਵਾਅਦਾ ਕਰ ਲਵੇ ਕਿ ਇੱਛਾਵਾਂ ਦੇ ਪਿੱਛੇ ਨਹੀਂ ਭੱਜਣਾ ਹੈ। ਜੋ ਮਨੁੱਖ ਆਪਣੇ ਮਨ ਨੂੰ ਆਪਣੇ ਕਾਬੂ ਵਿੱਚ ਰੱਖ ਕੇ ਚੱਲਦਾ ਹੈ, ਉਹ ਇੱਛਾਵਾਂ ਦੇ ਪਿੱਛੇ ਨਹੀਂ ਭੱਜਦਾ। ਆਪਣੇ ਆਪ ਹੀ ਸੰਤੁਸ਼ਟੀ ਦੇ ਹਾਵ ਭਾਵ ਉਸ ਦੇ ਹਿਰਦੇ ਵਿੱਚ ਘਰ ਕਰ ਲੈਂਦੇ ਹਨ। ਮਨ ਖੁਦ-ਬ-ਖੁਦ ਸ਼ਾਂਤ ਅਵਸਥਾ ਵਿੱਚ ਆ ਜਾਂਦਾ ਹੈ। ਜਦੋਂ ਤੱਕ ਮਨੁੱਖ ਇਹ ਗੁਰ ਨਹੀਂ ਸਿੱਖ ਲੈਂਦਾ ਕਿ ਜੋ ਕੁਝ ਮੇਰੇ ਕੋਲ ਹੈ, ਮੇਰੇ ਜੀਵਨ ਬਸਰ ਕਰਨ ਲਈ ਓਨਾ ਕਾਫੀ ਹੈ, ਉਹ ਉਦੋਂ ਤੱਕ ਸੁੱਖ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਜੇ ਮਨੁੱਖ ਕੁਦਰਤ ਵੱਲੋਂ ਮਿਲੀਆਂ ਦਾਤਾਂ ਦਾ ਆਨੰਦ ਮਾਣਨਾ ਸਿੱਖ ਲਵੇ, ਖੁਸ਼ੀਆਂ ਤੇ ਸੰਤੁਸ਼ਟੀ ਆਪਣੇ ਆਪ ਖੁਦ ਚੱਲ ਕੇ ਆਵੇਗੀ। ਜਦੋਂ ਖੁਸ਼ੀ ਤੇ ਸੰਤੁਸ਼ਟੀ ਮਨੁੱਖ ਕੋਲ ਹੋਵੇਗੀ, ਮਨੁੱਖੀ ਮਨ ਆਪਣੇ ਆਪ ਸ਼ਾਂਤ ਹੋਵੇਗਾ। ਸੰਤੁਸ਼ਟੀ ਆਪਣੇ ਆਪ 'ਚ ਇਕ ਵੱਡੀ ਖੁਸ਼ੀ ਹੈ। ਇਹ ਵਿਰਲੇ ਮਨੁੱਖਾਂ ਦੇ ਹਿੱਸੇ ਹੀ ਆਉਂਦੀ ਹੈ। ਮਨ ਦੀ ਭਟਕਣਾ 'ਤੇ ਜਿੱਤ ਪ੍ਰਾਪਤ ਕਰਕੇ ਹੀ ਸੰਤੁਸ਼ਟੀ ਮਿਲਦੀ ਹੈ। ਸੰਤੁਸ਼ਟੀ ਨਾਲ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ।

## ਮਿੰਨੀ ਕਹਾਣੀ: ਮੌਕਾਪ੍ਰਸਤ

-ਅਮਰੀਕ ਸਿੰਘ ਤਲਵੰਡੀ ਕਲਾਂ

ਪਿੰਡ ਫਕੀਰ ਦੀ ਸਮਾਧ ਉੱਤੇ ਲੱਗੇ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਮੰਤਰੀ ਜੀ ਬੋਲ ਰਹੇ ਸਨ, 'ਇਹ ਬੜਾ ਪਵਿੱਤਰ ਸਥਾਨ ਹੈ, ਇਸ ਜਗ੍ਹਾ ਬੜੀ ਸ਼ਕਤੀ, ਫਕੀਰ ਪੁੱਜੇ ਹੋਏ ਸਨ। ਤੁਹਾਡੇ ਸੱਚੇ ਦਿਲੋਂ ਸੁੱਖੀ ਹਰ ਸੁੱਖ ਏਥੇ ਪੂਰੀ ਹੋ ਸਕਦੀ ਹੈ। ਗੱਲ ਪੂਰਨ ਸ਼ਰਧਾ ਦੀ ਹੈ।' ਉਸੇ ਦਿਨ ਬਾਅਦ ਦੁਪਹਿਰ ਮੰਤਰੀ ਜੀ ਤਰਕਸ਼ੀਲਾਂ ਦੇ ਮੇਲੇ ਵਿੱਚ ਪ੍ਰਧਾਨਗੀ ਭਾਸ਼ਨ ਵਿੱਚ ਬੋਲ ਰਹੇ ਸਨ, 'ਅਸੀਂ ਇੱਕੀਵੀਂ ਸਦੀ ਵਿੱਚ ਦਾਖਲ ਹੋ ਗਏ ਹਾਂ। ਵਿਗਿਆਨ ਦਾ ਯੁੱਗ ਹੈ। ਵਿਗਿਆਨਕ ਸੋਚ ਅਪਣਾਓ ਤਾਂ ਕਿ ਆਪਾਂ ਤੇਜ਼ ਮੁਕਾਬਲੇ ਦੇ ਯੁੱਗ ਵਿੱਚ ਬਾਕੀ ਦੇਸ਼ਾਂ ਨਾਲ ਮੁਕਾਬਲਾ ਕਰ ਸਕੀਏ। ਕੋਈ ਗੈਬੀ ਸ਼ਕਤੀ ਨਹੀਂ ਹੁੰਦੀ। ਟੂਣੇ ਟਾਮਣ ਧਾਗੇ ਤਵੀਤ ਵਿੱਚ ਕੋਈ ਕਰਾਮਾਤ ਨਹੀਂ ਹੁੰਦੀ। ਇਹ ਵਹਿਮ ਭਰਮ ਵਿਹਲੇ ਲੋਕਾਂ ਦੇ ਸ਼ੈਤਾਨੀ ਦਿਮਾਗ ਦੀ ਕਾਢ ਹਨ। ਆਓ, ਅੱਜ ਤੋਂ ਪ੍ਰਣ ਕਰੀਏ ਕਿ ਮੜ੍ਹੀਆਂ ਮਸਾਣਾਂ ਨੂੰ ਮੱਥੇ ਨਹੀਂ ਟੇਕਾਂਗੇ। ਵਿਗਿਆਨਕ ਸੋਚ ਆਪਣਾ ਕੇ ਵਹਿਮਾਂ ਭਰਮਾਂ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਾਂਗੇ।



